ਐਡੀਟਰ
ਦਲਜੀਤ ਸਿੰਘ

# ਸੂਰਾ

ਸਾਲਾਨਾ ਚੰਦਾ
ਦੇਸ 6 ਰੁਪਏ
ਪ੍ਰਦੇਸ ਸਮੁੰਦਰ 15 ,,

## ਸਰਬ ਹਿੰਦ ਅਖੰਡ ਕੀਰਤਨੀ ਜੱਥੇ ਦਾ ਗੁਰਮਤਿ ਮਾਸਕ ਪੱਤਰ

ਜਿਲਦ ੬] ੧ ਮਾਰਚ ੧੯੭੨ [ਅੰਕ ੨

### ਬਸੰਤ ਮਹਲਾ ੩

ਬਨਸਪਤਿ ਮਉਲੀ ਚੜਿਆ ਬਸੰਤੁ ॥
ਇਹੁ ਮਨੁ ਮਉਲਿਆ ਸਤਿਗੁਰੂ ਸੰਗਿ ॥੧॥
ਤੁਮ ਸਾਚੁ ਧਿਆਵਹੁ ਮੁਗਧ ਮਨਾ ॥
ਤਾਂ ਸੁਖ ਪਾਵਹੁ ਮੇਰੇ ਮਨਾ ॥ ੧ ॥ ਰਹਾਉ॥
ਇਤੁ ਮਨਿ ਮਉਲਿਐ ਭਇਆ ਅਨੰਦੁ ॥
ਅੰਮ੍ਰਿਤ ਫਲੁ ਪਾਇਆ ਨਾਮੁ ਗੋਬਿੰਦ ॥੨॥
ਏਕੋ ਏਕੁ ਸਭੁ ਆਖਿ ਵਖਾਣੈ ॥
ਹੁਕਮੁ ਬੂਝੈ ਤਾ ਏਕੋ ਜਾਣੈ ॥੩॥
ਕਹਤ ਨਾਨਕੁ ਹਉਮੈ ਕਹੈ ਨਾ ਕੋਇ ॥
ਆਖਣੁ ਵੇਖਣੁ ਸਭੁ ਸਾਹਿਬ ਤੇ ਹੋਇ ॥੪॥੨॥੧੪॥

www.AKJ.Org

# ਵਾਹਿਗੁਰੂ ਸਿਮਰਣ

(ਵਲੋਂ :—ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

## ਸੂਚਨਾ

ਇਹ ਟਰੈਕਟ "ਵਾਹਿਗੁਰੂ ਸਿਮਰਣ" ਸ੍ਰੀ ਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਕਈ ਬਰਸ ਹੋਏ ਲਿਖਿਆ ਸੀ, ੧੯੫੯ ਈ: ਵਿਚ ਇਹ ਪੁਰਾਣੇ ਕਾਗਜ਼ਾਂ ਵਿਚੋਂ ਲੱਭਾ, ਉਸ ਵੇਲੇ ਏਸ ਨੂੰ 'ਪੰਜਾਬੀ ਰਤਨ' ਹਫ਼ਤਾਵਾਰ ਅੱਖਬਾਰ ਲੁਧਿਆਣਾ ਵਿਚ ਛਾਪਣਾ ਸੀ, ਪਰ ਇਹ ਮੁੜ ਕਾਗਜ਼ਾਂ ਵਿਚ ਫਿਰ ਰੁਲ ਗਿਆ, ਜਿਸ ਕਰਕੇ ਓਦੋਂ ਛਪ ਨ ਸਕਿਆ। ਕਈ ਵਾਰ ਭਾਲ ਵੀ ਕੀਤੀ ਗਈ। ਜੋ ਤਿੰਨ ਮਹੀਨੇ ਹੋਏ ਲਭ ਗਿਆ ਤੇ ਹੁਣ ਪ੍ਰਕਾਸ਼ਤ ਕੀਤਾ ਗਿਆ ਹੈ। ਭਾਈ ਸਾਹਿਬ ਜੀ ਦੀ ਪੁਸਤਕਾਂ ਦੀ ਲੜੀ ਵਿਚ ਏਸ ਟਰੈਕਟ ਦਾ ਨੰਬਰ ੩੨ਵਾਂ ਹੈ। ਇਨ੍ਹਾਂ ੩੨ ਪੁਸਤਕਾਂ ਵਿਚੋਂ ਇਕ ਖਰੜਾ "ਅਨਮਤਿ ਖੰਡਨ ਤੇ ਗੁਰਮਤਿ ਮੰਡਨ" ਛਪਣ ਵਾਲਾ ਹੈ। ਦੋ ਖਰੜੇ 'ਗੁਰਮਤਿ ਵਿਦਿਆ' ਤੇ 'ਗੁਰੂ ਗਰੰਥ ਸਾਹਿਬ ਪ੍ਰਗਟ ਪ੍ਰਮਾਣ ਗੁਰਾਂ ਦੀ ਦੇਹ' ਚਿਰੋਕਣੇ ਗੁਮ ਹਨ। ਅਨਮਤਿ ਖੰਡਨ ਤੇ ਗੁਰਮਤਿ ਮੰਡਨ ਦਾ ਖਰੜਾ ਜਦ ਵੀ ਸਮਾਂ ਠੀਕ ਬੈਠਾ ਛਾਪ ਦਿਤਾ ਜਾਏਗਾ। ਇਹ ਬਹੁਤ ਬੜੀ ਪੁਸਤਕ ਹੈ ਹੁਣ ਛਪ ਗਈ ਹੈ।

ਗੁਰਮਤ ਮੰਡਨ ਤੇ ਆਨਮਤ ਖੰਡਨ ਗੁਰਮਤ ਗੌਰਵਤਾ ਦੇ ਨਾਂ ਹੇਠ ੧੯੬੯ ਵਿਚ ਛਪ ਗਈ ਹੈ।

ਟਰੈਕਟ 'ਵਾਹਿਗੁਰੂ ਸਿਮਰਨ' ਦੇ ਪੰਜ ਅੰਕ ਹਨ : ਜਿਨ੍ਹਾਂ ਵਿਚ ੧. ਨਾਮ ਦੀ ਕਲਾ, ੨. ਨਾਮ ਦਾ ਸੁਣਨਾ ਤੇ ਮੰਨਣਾ, ੩. ਗੁਰਬਾਣੀ ਦੇ ਪੜ੍ਹਨ ਸੁਣਨ ਤੇ ਕੀਰਤਨ ਦਾ ਅਸਰ, ੪. ਨਾਮ ਬਾਣੀ ਦੀ ਪਾਰਸ ਕਲਾ, ੫. ਗੁਰਮੰਤ੍ਰ ਹੀਣ ਪ੍ਰਾਣੀਆਂ ਦੀ ਦਸ਼ਾ, ਇਹ ਪੰਜ ਪ੍ਰਕਰਣ ਹਨ। ਟਰੈਕਟ ਕੀ ਹੈ; ਗੁਰਮਤਿ ਨਾਮ ਤੇ ਗੁਰਬਾਣੀ ਜਪਣ, ਸਿਮਰਣ ਤੇ ਕੀਰਤਨ ਆਦਿ ਪਹਿਲੂਆਂ ਦੀ ਵਿਆਖਿਆ ਹੈ, ਤੇ 'ਕੁਜੇ' ਵਿਚ 'ਸਮੁੰਦਰ' ਬੰਦ ਕਰਨ ਵਾਲੀ ਗਲ ਹੈ, ਗੁਰਮਤ ਦੇ ਗੁਝੇ ਭੇਦ ਸੰਖੇਪ ਰੂਪ ਵਿਚ ਪ੍ਰਗਟ ਕੀਤੇ ਗਏ ਹਨ, ਜਿਸ ਤੋਂ ਨਾਮ ਬਾਣੀ ਦੇ ਮਹਾਤਮ ਦਾ ਪਤਾ ਲਗਦਾ ਹੈ। ਗੁਰਬਾਣੀ ਦੇ ਗੁਰ ਮੰਤ੍ਰ ਵਾਹਿਗੁਰੂ ਦੀ ਕਲਾ ਲੋਕ ਪ੍ਰਲੋਕ ਦਾ ਸੁਖ ਦੇਣ ਵਾਲੀ ਹੈ। ਏਸ ਮਹਾਤਮ ਨੂੰ ਪੰਥ ਪ੍ਰਕਾਸ਼ ਦੇ ਪਹਿਲੇ ਪੰਨੇ ਪਰ ਗਿਅਨੀ ਗਿਆਨ ਸਿੰਘ ਜੀ ਦੇ ਇਕ ਸਵਯੇ ਵਿਚ ਕਿਆ ਹੀ ਸੋਹਣਾ ਬਿਆਨ ਕੀਤਾ ਹੈ :—

ਸਵਯਾ :—

ਵਾਹਿਗੁਰੂ ਵਰ ਮੰਤ੍ਰ ਰਾਜ ਉਚਾਰਣ ਤੇ,
ਅਘ ਓਘ ਨਸੈ ਹੈਂ।
ਦਾਸਨ ਕੀ ਭਵ ਪਾਸਿ ਬਿਨਾਸਨ,



www.AKJ.Org

ਯਾ ਸਮ ਔਰ ਨ ਕੋ ਕਲਿ ਮੈਂ ਹੈਂ ।
ਚਾਰ ਪਦਾਰਥ ਔ ਪਰਮਾਰਥ,
ਸਵਾਰਥ ਸਿਧ ਸਭੈ ਕਰ ਦੈ ਹੈਂ ।
ਗਯਾਨ ਹਰੀ ਇਸ ਨਾਮ ਕੀ ਸਾਮ ਸਰੀ,
ਮੂਦ ਮੰਗਲ ਦਾ ਲਖ ਕੈ ਹੈਂ ।

ਪਦ ਅਰਥ - ਵਰ=ਸ੍ਰੇਸ਼ਟ । ਮੰਤਰ ਰਾਜ= ਮੰਤਰਾਂ ਦਾ ਰਾਜਾ ਭਾਵ ਸਭ ਤੋਂ ਵਡਾ ਮੰਤਰ । ਅਘ ਓਘ=ਪਾਪ । ਭਵ=ਭੈ, ਡਰ । ਪਾਸਿ= ਫਾਂਸੀ । ਬਿਨਾਸਨ=ਨਾਸ ਕਰਨ ਵਾਲਾ । ਕਲਿ =ਕਲਜੁਗ । ਚਾਰ ਪਦਾਰਥ=ਧਰਮ, ਅ੍ਰਥ. ਕਾਮ, ਮੋਖ । ਪਦਾਰਥ =ਆਤਮ ਸੁਖ । ਸਵਾਰਥ =ਦੁਨੀਆਂ ਦੀਆਂ ਲੋੜਾਂ । ਸਿੱਧ=ਪ੍ਰਾਪਤ ਕਰਾ ਦਿੰਦਾ ਹੈ । ਸਾਮ=ਓਟ, ਟੇਕ । ਮੁਦ=ਖੁਸ਼ੀ । ਮੰਗਲ=ਅਨੰਦ ਦੇਣ ਵਾਲਾ ।ਲਖ ਕੈ=ਜਾਣ ਕੇ ।

ਅਰਥ—ਸਭ ਤੋਂ ਵਡੇ ਤੇ ਸਰੇਸ਼ਟ ਮੰਤਰ 'ਵਾਹਿਗੁਰੂ' ਉਚਾਰਣ ਤੋਂ ਪਾਪ ਨਸ ਜਾਂਦੇ ਹਨ, ਸੇਵਕਾਂ ਦੀ ਭੈ ਫਾਹੀ ਨੂੰ ਨਾਸ ਕਰਨ ਵਾਲਾ ਕਲਿ ਜੁਗ ਵਿਚ ਏਸ ਮੰਤਰ ਜਿਹਾ ਹੋਰ ਕੋਈ ਨਹੀਂ । ਚਾਰ ਪਦਾਰਥ ਧਰਮ ਅਰਥ, ਕਾਮ ਮੋਖ ਤੇ ਰੂਹਾਨੀ ਤੇ ਦੁਨਿਆਦਾਰੀ ਦੇ ਸਭ ਅਰਥਪ੍ਰਾਪਤ ਕਰਾਉਣ ਵਾਲਾ ਹੈ । ਕਹਿੰਦੇ ਹਨ, ਗਿਆਨੀ ਗਿਆਨ ਸਿੰਘ ਜੀ ਕਿ ਅਸੀਂ ਏਸ ਵਾਹਿਗੁਰੂ ਨਾਮ ਚੀ ਓਟ ਤੱਕੀ ਹੈ, ਏਸ ਨੂੰ ਖੁਸ਼ੀ ਤੇ ਅਨੰਦ ਦਾ ਦੇਣ ਵਾਲਾ ਜਾਣ ਕੇ ।

ਇਹ ਟਰੈਕਟ ਉਨ੍ਹਾਂ ਦੀ ਜੀਵਨ ਯਾਤਰਾ ਤੋਂ ਪਿਛੋਂ ਛਪਿਆ: ਉਹਨਾਂ ਦੀ ਇਕ ਯਾਦ ਹੈ ।

ਨਾਹਰ ਸਿੰਘ ਗਯਾਨੀ

(੧)

## ਨਾਮ ਦੀ ਕਲਾ

ਵਿਸਮਾਦ ਰੂਪ ਅਕਾਲ ਪੁਰਖ ਦੀ ਸਿਫਤਿ ਸਲਾਹ ਵੀ ਵਿਸਮਾਦ ਰੂਪ ਹੈ । ਨਾਮ, ਗੁਰਮਤਿ ਨਾਮ ਦੀ ਸਚੀ ਤੱਤ ਸਿਫਤਿ ਸਾਲਾਹ ਹੈ । ਨਾਮ ਰੂਪੀ ਸਿਫਤਿ ਸਾਲਾਹ, ਬਿਸਮਾਦ ਰੰਗਾਂ ਵਾਲੀ ਧੰਨਤਾ ਹੈ, ਬਿਸਮਾਦੀ ਅਕਾਲ ਪੁਰਖ )ਨਾਮੀ) ਵਾਹਿਗੁਰੂ ਦੀ ਖਿਨ ਖਿਨ ਸ਼ੁਕਰ ਗੁਜ਼ਾਰੀ, ਕ੍ਰਿਸ਼ਮਨ ਸ਼ੁਕਰ ਗੁਜ਼ਾਰੀ ਹੈ । ਜੋ ਨਾਮ ਨਾਮੀ ਅਭੇਦ ਵਿਸਮਾਦ ਰੰਗਾਂ ਵਿਚ ਹੀ ਗੁਰੂ ਗੁਣਤਾਸ ਵਲੋਂ ਉਚਾਰੀ, ਸੰਚਾਰੀ ਅਤੇ ਸੰਵਾਰੀ ਗਈ । ਜੋ ਇਸ ਦੇ ਸਿਫਤਿ ਸਾਲਾਹ ਰੂਪ ਧੰਨਤਾ ਦੇ ਉਚਾਰਣ ਰਟਨ ਹਾਰ ਨੂੰ ਓੜਕ ਪਾਰਸ ਰਸਾਇਣੀ ਕਲਾ ਵਰਤਾ ਇਕੋ ਵਿਸਮਾਦ ਰੰਗਾਂ ਵਿਚ ਲੀਨ ਕਰਾਉਣ ਦੇ ਸਮਰਥ ਹੈ । ਨਾਮ ਦੇ ਉਚਾਰਣ ਹਾਰਾ ਸੁਆਸ ੨ ਗੁਰਸ਼ਬਦ ਅਭਿਆਸ ਦੁਆਰਾ ਵਾਹੁ ਵਾਹੁ ਦੀ ਟੇਰ ਰਟ ਲਗਾਇਕੇ ਵਾਸਤਵ ਵਿਚ ਵਾਹਿਗੁਰੂ ਅਕਾਲ ਪੁਰਖ ਦੀ ਖਿਨ ਖਿਨ ਸ਼ੁਕਰ ਗੁਜ਼ਾਰੀ ਕਰਦਾ ਹੈ । ਏਹ ਸ਼ੁਕਰ ਗੁਜ਼ਾਰੀ ਅਤੇ ਕ੍ਰਿਤੱਗਤਾ ਕਾਹਦੀ ਹੈ ਜਿਸ ਕਰਕੇ ਕੇਵਲ ਪ੍ਰਸ਼ਾਦਾ ਛਕਣ ਸਮੇਂ ਜਾਂ ਬਿਸਤਰੇ ਤੇ ਲੇਟਣ ਸਮੇਂ ਜਾਂ ਸੋਹਣੇ ਬਸਤਰ ਮਿਲਣ ਸਮੇਂ ਜਾਂ ਰਹਾਇਸ਼ੀ ਸੰਦਰ ਮੰਦਰ ਤੱਕਣ ਸਮੇਂ ਇਹਨਾਂ ਵਸਤੂਆਂ ਦੇ ਭੋਗਣ ਹਾਰੇ ਦੇ ਮਨ ਵਿਚ ਇਸ ਤਰ੍ਹਾਂ ਦਾ ਕੇਵਲ ਛਿਨ ਭੰਗਰੀ ਖਿਆਲ ਹੀ ਖਿਆਲ ਆਵੇ ਕਿ ਹੇ ਦਾਤਾ ਵਾਹਿਗੁਰੂ ਤੂੰ ਧੰਨ ਹੈਂ ? ਇਸ ਤਰ੍ਹਾਂ ਦਾ ਖਿਆਲ ਮਾਤਰ ਆਉਣ ਨੂੰ ਕਈ ਫਿਲਾਸਫਰ ਐਨ ਗੁਰਮਤਿ ਨਾਮ ਸਿਮਰਨ ਸਮਝਦੇ ਹਨ ।

www.AKJ.Org

ਪਰੰਤੂ ਗੁਰਮਤਿ ਨਾਮ ਦਾ ਅਭਿਆਸ ਤੇ ਜਾਪ ਤਾਪ ਉਹਨਾਂ ਦੇ ਨਿਕਟ ਐਵੇਂ ਹੀ ਹੈ। ਉਹਨਾਂ ਦੇ ਖਿਆਲ ਵਿਚ ਕਿਸੇ ਇਕ ਨਾਮ ਦੀ ਮਕੈਨੀਕਲ ਰੈਪੀਟੀਸ਼ਨ ਹੈ । ਗੁਰਮਤਿ ਨਾਮ ਰੂਪੀ ਦੀ ਸਿਫ਼ਤਿ ਸਾਲਾਹ ਰੂਪੀ ਸ਼ੁਕਰਾਨਾ ਕੇਵਲ ਮਹਿ-ਦੂਦ ਅਪ ਸੁਆਰਥੀ ਖਿਆਲਾਂ ਵਾਲਾ ਛਿਨ ਭੰਗਰੀ ਮਨੋਰਥ ਪੂਰਤੀ ਤੋਂ ਉਪਜਿਆ ਫ਼ਸਾਨਾ ਹੀ ਨਹੀਂ ਬਲਕਿ 'ਬਿਸਮ ਪੇਖੈ ਬਿਸਮ ਸੁਣੀਐ ਵਿਸਮਾਦ ਨਦਰੀ ਆਇਆ' ਦੀ ਅਵਸਥਾ ਵਾਲਾ ਵਿਸ਼ਾਲ ਆਤਮ ਤਰੰਗੀ ਤਰਾਨਾ ਹੈ, ਯਥਾ ਗੁਰਵਾਕ :

"ਵਾਹੁ ਵਾਹੁ ਤਿਸਨੋ ਆਖੀਐ,
ਜਿ ਸਚਾ ਗਹਿਰ ਗੰਭੀਰ ॥
ਵਾਹੁ ਵਾਹੁ ਤਿਸਨੋ ਆਖੀਐ,
ਜਿ ਗੁਣਦਾਤਾ ਮਤਿ ਧੀਰੁ ॥
ਵਾਹੁ ਵਾਹੁ ਤਿਸਨੋ ਆਖੀਐ,
ਜਿ ਸਭ ਮਹਿ ਰਹਿਆ ਸਮਾਇ ॥
ਵਾਹੁ ਵਾਹੁ ਤਿਸਨੋ ਆਖੀਐ,
ਜਿ ਦੇਦਾ ਰਿਜਕੁ ਸੰਬਾਹਿ ॥
ਨਾਨਕ ਵਾਹੁ ਵਾਹੁ ਇਕੋ ਕਰਿ ਸਲਾਹੀਐ,
ਜਿ ਸਤਿਗੁਰ ਦੀਆ ਦਿਖਾਇ।"

'ਇਕੋ ਕਰਿ ਸਾਲਾਹੀਐ ਜਿ ਸਤਿਗੁਰੂ ਦੀਆ ਦਿਖਾਇ' ਵਾਲੀ ਪੰਗਤੀ ਸਾਫ ਇਕੋ ਗੁਰਮਤਿ ਨਾਮ ਦਾ ਅਰਾਧਣਾ ਸਹੀ ਕਰਦੀ ਹੈ ਅਤੇ ਸਹੀ ਅਰਥ ਰਖਦੀ ਹੈ। ਕਿਸੇ ਇਕ ਨਾਮ ਦੀ ਜਪਣ ਦੀ ਖੁਲ੍ਹ ਦਾ ਵਿਧਾਨ ਗੁਰਮਤਿ ਅੰਦਰ ਉਕਾ ਹੀ ਨਹੀਂ। ਇਹ ਇਹਨਾਂ ਤੋਂ ਅਗਲੇਰੇ ਸਲੋਕ ਦੀਆਂ ਤੁਕਾਂ ਦਸਦੀਆਂ ਹਨ ਕਿ ਗੁਰਮਤਿ ਨਾਮ ਕੇਵਲ ਖ਼ਾਸ ਖਾਸ ਸਮਿਆਂ ਦੇ ਉਪੰਨੇ ਖਿਆਲਾਂ ਦੀਆਂ ਸ਼ੁਕਰ ਗੁਜ਼ਾਰੀਆਂ ਦੇ ਛਿਨ ਭੰਗਰੀ ਅਨੁਮਾਨ ਹੀ ਨਹੀਂ ਸਗੋਂ ਸਦੀਵੀ ਸਾਸ ਗਰਾਸੀ ਜਾਪ ਅਭਿਆਸ ਦਾ ਤਤ ਗਿਆਨ ਹੈ। ਯਥਾ ਗੁਰਵਾਕ :

'ਵਾਹੁ ਵਾਹੁ ਗੁਰਮੁਖ ਸਦਾ ਕਰਹਿ
ਮਨਮੁਖਿ ਮਰਹਿ ਬਿਖੁ ਖਾਇ ॥
ਉਨਾ ਵਾਹੁ ਨਾ ਭਾਵਈ,
ਦੁਖੇ ਦੁਖਿ ਵਿਹਾਇ ॥
ਗੁਰਮੁਖਿ ਅੰਮ੍ਰਿਤ ਪੀਵਣਾ
ਵਾਹ ਵਾਹੁ ਕਰਹਿ ਲਿਵਲਾਇ ॥

ਇਹ ਗੁਰਵਾਕ ਗੁਰਮਤਿ ਨਾਮ ਦੁਆਰੇ ਕੇਵਲ ਅਲਪੀ ਕਲਪੀ ਸ਼ੁਕਰਾਨਾ ਹੀ ਨਹੀਂ ਦ੍ਰਿੜਾਉਂਦੇ ਸਗੋਂ ਸਦੀਵ ਕਾਲੀ ਛਿਨ ਛਿਨ ਨਾਮ ਜਪਨਾ ਸੁਆਸ ਸਮਾਲੀ ਅੰਮ੍ਰਿਤ ਤ੍ਰਿਪਤਾਨਾ ਭੀ ਬੁਝਾਉਂਦੇ ਹਨ। ਅਰਥਾਤ ਨਾਮ ਅਭਿਆਸ ਕੇਵਲ ਸਰੀਰਕ ਲੋੜਾਂ ਦੀ ਪੂਰਤੀ ਦੇ ਸ਼ੁਕ-ਰਾਨੇ ਵਜੋਂ ਹੀ ਨਹੀਂ ਕੀਤਾ ਜਾਂਦਾ ਹੈ। ਗੁਰਮੁਖਾਂ ਦਾ ਛਿਨ ਛਿਨ ਨਾਮ ਜਪਣਾ ਸੁਆਸ ਸੁਆਸ ਅੰਮ੍ਰਿਤ ਗਟਾਕਾਂ ਦਾ ਭੁੰਚਣਾ ਹੈ। ਮਨਮੁਖ ਲੋਕ ਆਪਣੇ ਮਨੋਰਥ ਪੂਰਤੀ ਹਿਤ ਕੁਝ ਮਿੰਟਾਂ ਸਕਿੰਟਾਂ ਲਈ ਹੀ ਨਾਮ ਜਪਦੇ ਹਨ, ਫੇਰ ਸੁੰਨੇ ਦੇ ਸੁੰਨੇ, ਨਾਮੋ ਸਖਣੇ ਹੋ ਕੇ ਆਪਣੇ ਖਿਆਲਾਂ ਦੁਆਰਾ ਸੰਸਾਰਿਕ ਚਿਤਵਣੀਆਂ ਦੁਆਰਾ ਵਿਵ-ਹਾਰਕ ਖਬਤ ਖਚਤਾਣੀਆਂ ਦੁਆਰਾ ਬਿਖ ਹੀ ਵਿਹਾਜਦੇ ਰਹਿੰਦੇ ਹਨ। ਬਿਖ ਸੋਚਦੇ ਹਨ ਅਤੇ ਬਿਖੂ ਦੇ ਗਟਾਕ ਹੀ ਪੀਂਦੇ ਹਨ ਅਤੇ ਇਸ ਬਿਧ ਸਾਰੀ ਅਉਧ ਵਿਖ ਖਾਇ ਖਾਇ ਮਰਦੇ ਰਹਿੰਦੇ ਹਨ। ਗੁਰਮੁਖ ਸਚਿਆਰ ਸਿਖ ਵਾਹੁ ਵਾਹੁ ਰੂਪੀ ਸਿਫਤਿ ਸਾਲਾਹ ਦੀ ਲਿਵਤਾਰ ਜੋੜ ਕੇ ਦਮ ਬਦਮ ਅੰਮ੍ਰਿਤ ਛਾਂਦੇ ਹੀ ਭੁੰਚਦੇ ਹਨ।


www.AKJ.Org

ਤਾਂਤੇ ਨਾਮ ਜਪਣਾ ਕੇਵਲ ਖਿਆਲੀ ਸ਼ੁਕਰ ਗੁਜ਼ਾਰੀ ਮਾਤਰ ਹੀ ਨਹੀਂ, ਨਾਮ ਜਪਣ ਦਾ ਅਰਥ ਨਿਰੀ ਫਸਲ ਬਟੇਰੀ ਸ਼ੁਕਰ ਗੁਜ਼ਾਰੀ ਕਰਨ ਦੇ ਹੀ ਨਹੀਂ ਸਗੋਂ ਸੁਆਸ ਸੁਆਸ ਅੰਮ੍ਰਿਤ ਪੀਣ ਦੇ ਅਤੇ ਛਿਨ ਛਿਨ ਆਤਮ ਜੀਵਣ ਜੀਣ ਦੇ ਹਨ। ਉਹਨਾਂ ਲੋਕਾਂ ਦੀ ਕੈਸੀ ਗਲਤ ਖਿਆਲੀ ਹੈ ਜੋ ਨਾਮ ਜਪਣ ਨੂੰ ਕੇਵਲ ਮਕੈਨੀਕਲ ਰੈਪੀਟੀ-ਸ਼ਨ ਹੀ ਦਸਦੇ ਹਨ।

ਦੇਖੋ ਅਗਲੇਰੇ ਗੁਰਵਾਕ—ਜੋ ਦਸਦੇ ਹਨ ਕਿ ਨਾਮ ਦੀ ਬਰਕਤ ਨਾਲ ਕੀ ਕੀ ਗੁੰਝਲਾਂ ਖੁਲ੍ਹ-ਦੀਆਂ ਹਨ :—

"ਮਨ ਮੇਰੇ ਨਾਮ ਰਹਉ ਲਿਵਲਾਇ ॥
ਅਦਿਸਟ ਅਗੋਚਰ ਅਪਰੰਪਰ ਕਰਤਾ
ਗੁਰ ਕੈ ਸਬਦਿ ਹਰਿ ਧਿਆਇ ॥"

"ਰਾਮ ਨਾਮ ਇਕ ਤਿਲ ਤਿਲ ਗਾਵੈ,
ਮਨੁ ਗੁਰਮਤਿ ਨਾਮੁ ਸਮਾਵੈਗੋ ॥
ਤਹ ਅਨਹਦ ਧੁਨੀ ਬਾਜਹਿ ਨਿਤ ਬਾਜੇ
ਨੀਝਰ ਧਾਰ ਚੁਆਵੈਗੋ ॥"

ਇਹ ਨਾਮ ਦੀ ਮਕੈਨੀਕਲ ਰੈਪੀਟੀਸ਼ਨ (ਮੁੜ ੨ ਬਾਰ ੨ ਨਾਮ ਜਪਣ) ਦਾ ਸੁਆਦ ਹੈ। ਪਰ ਗੁਰਵਾਕਾਂ ਦੀ ਸੱਟ ਕੌਣ ਸਹੇ, ਤੇ ਕੌਣ ਗੁਰਵਾਕਾਂ ਦੀ ਸਚਾਈ ਨੂੰ ਪਰਖੇ ਤੇ ਤੋਲੇ। ਨਾਮ ਕਮਾਈ ਤੋਂ ਅਣਜਾਣ ਲੋਕਾਂ ਦੀ ਇਹ ਹਾਲਤ ਹੈ। 'ਅੰਧੇ ਏਕ ਨ ਲਾਗਈ, ਜਿਉਂ ਬਾਂਸ ਬਜਾ-ਈਐ ਫੂਕ ॥' ਗੁਰਸ਼ਬਦ (ਨਾਮ) ਦੀ ਕਮਾਈ ਬਿਨਾਂ ਪਏ ਭੁਲੇ ਭਟਕਾਂ ਖਾਂਦੇ ਹਨ। ਭਰਮ ਭਰਮ ਕੇ ਰਾਧਾ ਸੁਆਮੀਆਂ ਅਤੇ ਹੋਰ ਐਸੇ ਨਵੇਂ ਗੁਰ-ਮਤਿ ਤੋਂ ਉਲਟ ਪੰਥੀਆਂ ਦੇ ਦਰਾਂ ਉਤੇ ਰੁਲਦੇ ਫਿਰਦੇ ਹਨ ਤੇ ਉਨ੍ਹਾਂ ਤੋਂ ਅਨਹਦ ਸ਼ਬਦ ਦੀਆਂ ਪ੍ਰਾਪਤੀਆਂ ਚਾਹੁੰਦੇ ਹਨ। ਪਰ ਉਹਨਾਂ ਨੂੰ ਇਹ ਪਤਾ ਨਹੀਂ ਕਿ ਇਹ ਅਨਹਦ ਧੁਨੀਆਂ ਵਾਲੇ ਵਾਜੇ ਤਾਂ ਗੁਰਮਤਿ ਨਾਮ ਦੀ ਕਮਾਈ ਕੀਤਿਆਂ ਹੀ ਬਜਦੇ ਹਨ।

ਖਿਨ ਖਿਨ ਨਾਮ ਦੀ ਸਿਫਤ ਸਾਲਾਹ ਅਰਥਾਤ ਨਾਮ ਦਾ ਜਪਣਾ ਅਕਾਲ ਪੁਰਖ ਵਾਹਿ-ਗੁਰੂ ਦੀ ਖਿਨ ਖਿਨ ਸੁਕਰ ਗੁਜ਼ਾਰੀ ਹੈ ਤੇ ਖਿਨ ਖਿਨ ਹਾਜ਼ਰਾ ਹਜ਼ੂਰੀ ਹੈ। ਨਾਮ ਦੇ ਵਾਰ ਵਾਰ ਜਪਣ ਮਕੈਨੀਕਲ ਰੈਪੀਟੀਸ਼ਨ ਦੁਆਰਾ ਹੀ ਰਟਣ ਕਰਦਿਆਂ ਨਾਮ ਦੀ ਪਾਰਸ ਰਸਾਇਣੀ ਰਗੜ ਦੁਆਰਾ ਚਬੁਕ ਪ੍ਰਕਾਸ਼ ਪ੍ਰਜੁਅਲਤ ਹੁੰਦਾ ਹੈ। ਪ੍ਰੇਮ ਸਰਧਾ ਭਾਵਨੀ ਨਾਲ ਇਸ ਤਰ੍ਹਾਂ ਰਟਨ ਰੈਪੀਟੀਸ਼ਨ ਕਰਕੇ ਦੇਖਣਾ, ਫੇਰ ਪਤਾ ਲਗਸੀ ਕਿ ਏਸ ਨਿਰੀ ਮਕੈਨੀਕਲ ਰੈਪੀਟੀਸ਼ਨ ਦੀ ਕੀ ਕਰਾਮਾਤ ਹੈ। ਪਹਿਲਾਂ ਸਤਿਗੁਰੂ ਦੇ ਏਸ ਨਾਮ ਉਤੇ ਗੁਰਸਿਖਾਂ, ਸ਼ਰਧਾਲੂਆਂ ਵਾਲੀ ਸ਼ਰਧਾ ਲਿਆਉਣ ਦੀ ਲੋੜ ਹੈ ਫੇਰ ਨਾਮ ਦੇ ਪਾਤਰ ਬਣਨ ਤੇ ਨਾਮ ਨੂੰ ਪ੍ਰਾਪਤ ਕਰਨ ਲਈ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ ਗੁਰੂ ਸਰੂਪ ਪੰਜਾ ਪਿਆਰਿਆਂ ਤੋਂ ਖੰਡੇ ਦਾ ਅੰਮ੍ਰਿਤ ਛਕਣ ਦੀ ਲੋੜ ਹੈ, ਇਸ ਤਰ੍ਹਾਂ ਖਾਲਸਾ ਸਜ ਕੇ ਨਾਮ ਪ੍ਰਾਪਤ ਕਰਕੇ ਨਾਮ ਜਪਣ ਦੀ ਅਤੁਟ ਕਮਾਈ ਕਰਨ। ਇਸ ਤਰ੍ਹਾਂ ਮਕੈਨੀਕਲ ਰੈਪੀਟੀਸ਼ਨ ਦੀ ਕਮਾਈ ਦਾ ਫੇਰ ਸਿਟਾ ਦੇਖਣ ਕਿ ਕੀ ਰੰਗ ਖਿੜਦੇ ਹਨ। ਐਵੇਂ ਗਲਾਂ ਨਾਲ ਗਿਆਨ ਘੋਟਿਆਂ ਕੀ ਬਣਦਾ ਹੈ?

ਗੁਰੂ ਸਾਹਿਬ ਫਰਮਾਉਂਦੇ ਹਨ :—

'ਮਨ ਰੇ ਨਾਮ ਰਤੇ ਸੁਖ ਹੋਇ ॥



www.AKJ.Org

ਗੁਰਮੀਤ ਸਾਲਾਹੀਐ ਦੂਜਾ ਅਵਰ ਨ ਕੋਇ'

ਸ਼ੁਕਰ ਗੁਜ਼ਾਰੀ ਕਰਨੀ ਕਿਹੜੀ ਸੁਖਾਲੀ ਹੈ। ਏਹ ਸ਼ੁਕਰ ਗੁਜ਼ਾਰੀ (ਤੱਤ ਸ਼ੁਕਰ ਗੁਜ਼ਾਰੀ) ਗੁਰੂ ਦੁਆਰਿਓਂ ਗੁਰਮਤਿ ਦੁਆਰਾ ਹੀ ਸਿਖਾਈ ਸਿਖਲਾਈ ਜਾਂਦੀ ਹੈ। ਉਪਰਲੇ ਗੁਰਵਾਕ ਅੰਦਰ 'ਗੁਰਮਤਿ ਸਾਲਾਹੀਐ' ਦੀ ਫੋਰਸ (ਜ਼ੋਰ ਸ਼ਕਤੀ) ਨੂੰ ਦੇਖੋ। ਫੇਰ ਅਗਲੀ ਪੰਗਤੀ ਦਸਦੀ ਹੈ ਕਿ ਗੁਰਮਤਿ ਨਾਮ ਦਾ ਜਪਣਾ ਸਾਲਾਹਣਾ ਹੀ ਫਲਦਾਇਕ ਹੈ, ਏਹ ਨਹੀਂ ਕਿ ਸਤਿਨਾਮ ਗੁਰ-ਮੰਤਰ ਤੋਂ ਵਖਰਾ ਕੋਈ ਨਾਮ ਹੀ ਸਾਲਾਹਿਆ ਜਾਵੇ। ਬਸ 'ਦੂਜਾ ਅਵਰ ਨਾ ਕੋਇ ॥' ਅਰਥਾਤ ਗੁਰਮਤਿ ਨਾਮ ਤੋਂ ਵਖਰਾ ਦੂਸਰਾ ਹੋਰ ਕੋਈ ਨਾਮ ਨਹੀਂ। ਕੇਵਲ 'ਇਸ ਗੁਰਮਤਿ ਨਾਮ ਦੀ ਸਿਫਤ ਸਲਾਹ ਦੀ ਅਤੁਟ ਕਮਾਈ ਤੇ ਅਨਿੰਨ ਸ਼ਰਧਾ ਭਾਵਨੀ ਦੁਆਰਾ ਹੀ ਨਾਮ ਦੇ ਰੰਗਾਂ ਵਿਚ ਰਤੇ ਜਾ ਸਕੀਦਾ ਹੈ ਤੇ ਨਾਮ ਦੀ ਰਗੜ ਦੁਆਰਾ ਹੀ ਪਰਜੁਲਤ ਹੋਏ ਆਤਮ ਪ੍ਰਕਾਸ਼ ਦੁਆਰਾ ਹੀ ਸਚੇ ਸੁਖ ਦੀ ਪ੍ਰਾਪਤੀ ਹੁੰਦੀ ਹੈ। ਏਹ ਹੈ, ਮਨ ਰੇ ਨਾਮ ਰਤੇ ਸੁਖ ਹੋਏ।'

ਉਸ ਬੇਅੰਤ ਪ੍ਰਭੂ ਨੂੰ ਪੂਰੇ ਸ਼ਬਦ ਦੁਆਰਾ ਹੀ ਸਲਾਹਿਆ ਜਾ ਸਕਦਾ ਹੈ ਯਥਾ ਗੁਰਵਾਕ :—

'ਪੂਰੇ ਸ਼ਬਦਿ ਸਾਲਾਹੀਐ
ਜਿਸ ਕਾ ਅੰਤ ਨਾ ਪਾਰਾਵਾਰ।'

ਏਹ ਪੂਰਾ ਸ਼ਬਦ ਪੂਰੇ ਸਤਿਗੁਰੂ ਦਾ ਦਸਿਆ ਦ੍ਰਿੜਾਇਆ ਹੋਇਆ ਕੇਵਲ ਗੁਰਮਤਿ ਨਾਮ ਗੁਰਮੰਤਰ ਹੀ ਹੈ ਜਿਹਾ ਕਿ ਭਾਈ ਗੁਰਦਾਸ ਜੀ ਨੇ ਸਪਸ਼ਟ ਕਰਕੇ ਪ੍ਰਗਟ ਕੀਤਾ ਹੈ :—

ਨਮਸਕਾਰ ਗੁਰਦੇਵ ਕੋ
ਸਤਿਨਾਮ ਜਿਸ ਮੰਤ੍ਰ ਸੁਣਾਯਾ।।
ਭਵਜਲ ਵਿਚੋਂ ਕਢਕੇ
ਮੁਕਤ ਪਦਾਰਥ ਮਾਹਿ ਸਮਾਯਾ॥
(ਵਾਰ ੧੫ ਪਉੜੀ)

ਭਾਈ ਗੁਰਦਾਸ ਜੀ ਸਾਫ ਦਸਦੇ ਹਨ ਕਿ ਨਾਮ ਦਾ ਦਾਤਾ ਸਤਿਗੁਰੂ ਨਾਨਕ ਦੇਵ ਤੇ ਉਹਨਾਂ ਦੇ ਬਾਕੀ ਗੁਰੂ ਸਰੂਪ ਗੁਰੂ ਸਾਹਿਬਾਨ ਨੂੰ ਨਮਸਕਾਰ ਹੈ, ਜਿਸ ਨੇ ਸਤਿਨਾਮ ਦਾ ਮੰਤਰ ਸੁਣਾ ਕੇ ਭੈ ਸਾਗਰ ਵਿਚੋਂ ਕਢ ਕੇ ਮੁਕਤ ਕਰ ਦਿਤਾ। ਉਹ ਸਤਿਨਾਮ ਮੰਤਰ ਕੇਹੜਾ ਹੈ। ਏਸ ਨੂੰ ਏਸ ਏਸ ਤਰ੍ਹਾਂ ਸਪਸ਼ਟ ਕਰਦੇ ਹਨ—

ਵਾਹਿਗੁਰੂ ਗੁਰਮੰਤਰ ਹੈ ਜਪ ਹਉਮੈ ਖੋਇ॥
(ਵਾਰ ੧੩ ਪਉੜੀ ੨)

ਏਹ ਗੁਰਮੰਤਰ ਵਾਹਿਗੁਰੂ ਹੀ ਹੈ ਜਿਸ ਦੇ ਜਪਣ ਨਾਲ ਹਉਮੈ ਦੂਰ ਹੁੰਦੀ ਹੈ ਏਹੋ ਸਤਿਨਾਮ। ਏਸ ਤੋਂ ਬਿਨਾਂ ਬਾਕੀ ਰਾਮ; ਹਰੀ ਆਦਿ ਕ੍ਰਿਤਮ ਨਾਮ ਹਨ ਜਿਹਨਾਂ ਦਾ ਜਾਪ-ਸਿਮਰਨ ਵਾਹਿਗੁਰੂ ਸਤਿਨਾਮ ਮੰਤਰ ਦੇ ਤੁਲ ਨਹੀਂ। "ਕਿਰਤਮ ਨਾਮ ਕਥੇ ਤੇਰੇ ਜਿਹਬਾ। ਸਤਿ ਨਾਮ ਤੇਰਾ ਪਰਾ ਪੂਰਬਲਾ।" ਏਹ ਸਤਿਨਾਮ ਪਰਾਪੂਰਬਲਾ ਹੈ ਬਾਕੀ ਨਾਮ ਲੋਕਾਂ ਦੇ ਰਚੇ ਹੋਏ ਹਨ।

ਏਹ ਗੁਰਮਤਿ ਨਾਮ ਗੁਰੂ ਦੀ ਕਿਰਪਾ ਦੁਆਰਾ ਹੀ ਪਰਾਪਤ ਹੁੰਦਾ ਹੈ ਤੇ ਉਸ ਦੀ ਕਿਰਪਾ ਨਾਲ ਹੀ ਮਨ ਵਿਚ ਵਸਦਾ ਹੈ। ਵੈਸੇ ਆਪਮੁਹਾਰਾ ਨਾਮ ਮੂੰਹੋਂ ਆਖਿਆ ਪਰਵਾਣ ਨਹੀਂ। ਗੁਰਮਤਿ ਵਿਧੀ ਅਨੁਸਾਰ ਪ੍ਰਾਪਤ ਹੋਇਆ ਨਾਮ ਹੀ ਖੰਡੇ ਦਾ ਅੰਮ੍ਰਿਤ ਛਕ ਕੇ ਜਪਿਆ ਫਲੀਭੂਤ ਹੋ ਸਕਦਾ ਹੈ। ਜਿਹਾ ਕਿ ਗੁਰਵਾਕ ਹੈ—

ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮ ਨ ਹੋਇ॥
ਗੁਰਪ੍ਰਸਾਦੀ ਨਾਮੁ ਮਨਿ ਵਸੈ,

www.AKJ.Org

ਤਾ ਫਲੁ ਪਾਵੈ ਕੋਇ ॥

ਏਸ ਤਰ੍ਹਾਂ ਬਿਧੀ ਪੂਰਬਕ ਪ੍ਰਾਪਤ ਹੋਏ ਨਾਮ ਜਾਪ ਦਾ ਅਟੋਮੈਟਿਕ ਤੋਰਾ ਤੁਰ ਸਕਦਾ ਹੈ। ਨਾਮ ਦੀ ਰਸਕ ਜੋਤਿ ਪ੍ਰਜੁਲਤ ਹੋਣ ਤਕ ਸਿਲ ਅਲੂਣੀ ਚਟਣੀ ਲਗਦੀ ਹੈ। ਜਦੋਂ ਨਾਮ ਵਿਚ ਵਸ ਗਿਆ, ਤਦ ਸੁਰਤੀ ਬਿਰਤੀ ਰਸ ਲੀਨ ਹੋਣ ਕਾਰਨ ਏਹ ਰਸ ਛਡਿਆ ਨਹੀਂ ਜਾਂਦਾ।

## ਅਠ ਪਹਿਰੀ ਕੁੰਜੀ

ਅੰਮ੍ਰਿਤ ਵੇਲੇ ਦੀ ਇਕ ਪਹਿਰੀ ਸਾਵਧਾਨਤਾ ਸਹਿਤ ਨਾਮ ਅਭਿਆਸ ਕੀਤਾ ਹੋਇਆ ਮਾਨੋ ਅਠ ਪਹਿਰੀ ਕੁੰਜੀ ਲਗ ਜਾਂਦੀ ਹੈ, ਜਿਸ ਦੇ ਤਾਣ ਸੁਤੇ ਸੁਭਾਵ ਹੀ ਨਾਮ ਅਭਿਆਸੀ ਦੀ ਸੁਆਸਾਂ ਰੂਪੀ ਘੜੀ ਦਾ ਪੈਂਡੂਲਮ ਪੰਚ ਦੂਤ ਦਮਨੀ ਖੰਡੇ ਦੀ ਖੜਕਾਰ ਵਾਲੀ ਸਹਿਜ ਰਫਤਾਰ ਵਿਚ ਚਲਦਾ ਰਹਿੰਦਾ ਹੈ।

ਏਹ ਗੁਰਮੰਤਰ "ਆਪੀ ਨੈ ਆਪੁ ਸਾਜਿਓ ਆਪੀ ਨੈ ਰਚਿਓ ਨਾਉ" ਦੇ ਗੁਰਵਾਕ ਅਨੁਸਾਰ ਅਕਾਲ ਪੁਰਖ ਦਾ ਆਪਣੇ ਆਪ ਰਚਿਆ ਹੋਇਆ ਨਾਉਂ ਸਤਿਨਾਮ ਹੈ। ਹੋਰ ਸਾਰੇ ਨਾਉਂ ਅਸਤੀ ਤੇ ਕ੍ਰਿਤਮ ਨਾਮ ਹਨ। ਏਸ ਗੁਰਮਤਿ ਗੁਰਮੰਤਰ ਵਾਹਿਗੁਰੂ ਦੇ ਵਿਧੀ ਪੂਰਬਕ ਅਭਿਆਸ ਦੁਆਰਾ ਜੋਤਿ ਪ੍ਰਕਾਸ਼ਕ ਵਿਸਮਾਦੀ ਅਨੰਦ ਰੰਗ ਬਝਦੇ ਹਨ। ਨਾਮ ਅਭਿਆਸ ਦਾ ਹਦ ਬੰਨਾ ਕੋਈ ਨਹੀਂ, ਨਾਮ ਧਰਮ ਤੇ ਅਗਾਧ ਅਨੰਦ ਵਿਖੇ ਜਾ ਸਮਾਧੀ ਕਰਾਉਂਦਾ ਹੈ: ਤੇ ਸਹਜ ਅਵਸਥਾ ਪ੍ਰਾਪਤ ਹੁੰਦੀ ਹੈ। "ਲੋਇਣ ਦੇਖਿ ਰਹੇ ਵਿਸਮਾਦੀ ਚਿਤੁ ਅਦਿਸ਼ਟਿ ਲਗਾਇ" ਵਾਲੇ ਦਿਬ ਲੋਇਣ ਓਥੇ ਜਾ ਕੇ ਹੀ ਖੁਲ੍ਹਦੇ ਹਨ 'ਅਦਿਸਟਿ ਸਦਾ ਰਹੇ ਨਿਰਾਲਮੁ ਜੋਤੀ ਜੋਤਿ ਮਿਲਾਈ" ਵਾਲੀ ਜੀਵਨ ਮੁਕਤਿ ਜੋਤੀ ਜੋਤਿ ਸਮਾਏ ਰਹਿਣ, ਸਦਾ ਸਮਾਏ ਰਹਿਣ ਵਾਲਾ ਉਚ ਮੇਅਰਾਜ ਪਰਾਪਤ ਹੁੰਦਾ ਹੈ। ਏਸ ਅਵਸਥਾ ਵਿਚ ਹੀ ਦਸਮਦੁਆਰ ਦੀ ਗੰਮਤਾ ਪਰਾਪਤ ਹੁੰਦੀ ਹੈ, ਜੈਸਾ ਕਿ ਭਾਈ ਗੁਰਦਾਸ ਜਾ ਆਪਣੇ ਕਬਿਤ ਸਵੈਯਾ ਦੇ ਦੂਜੇ ਕਬਿਤ ਵਿਚ ਦਸਦੇ ਹਨ :—

ਦਸਮ ਸਥਾਨ ਕੇ ਸਮਾਨਿ ਕਉਨ ਭਉਨ ਕਹਉ:
ਗੁਰਮੁਖਿ ਪਾਵੈ ਸੁ ਤਉ ਅਨਤ ਨਾ ਪਾਵਈ ॥
ਉਨਮਨੀ ਜੋਤਿ ਕੇ ਪਟੰਤਰ ਦੀਜੇ ਕਉਨ ਜੋਤਿ,
ਦਇਆ ਕੈ ਦਿਖਾਵੈ ਜਾਹੀ ਤਾਹੀ ਬਨਿ ਆਵਈ॥
ਅਨਹਦ ਨਾਮ ਸਮਸਰਿ ਨਾਦੁ ਬਾਦੁ ਕਉਨੁ,
ਸ੍ਰੀ ਗੁਰ ਸੁਨਾਵੈ ਜਾਹਿ ਸੋਈ ਲਿਵ ਲਾਵਈ ॥
ਨਿਝਰ ਅਪਾਰ ਧਾਰ ਤੁਲਿ ਨ ਅੰਮ੍ਰਤ ਰਸ,
ਅਪਿਉ ਪੀਆਵੈ ਜਾਹਿ ਤਾਹੀ ਮੈਂ ਸਮਾਵਈ ।੨।

ਏਹ ਅਵਸਥਾ ਗੁਰੂ ਕਿਰਪਾ ਕਰਕੇ ਗੁਰਮੁਖਾਂ ਨੂੰ ਹੀ ਨਾਮ ਦੀ ਦਾਤ ਪਰਾਪਤ ਕਰਕੇ ਨਾਮ ਅਭਿਆਸ ਕਮਾਈ ਦੁਆਰਾ ਹਾਸਲ ਹੁੰਦੀ ਹੈ।

ਭਾਈ ਗੁਰਦਾਸ ਜੀ ਨੇ ਆਪਣੀ ਬਾਣੀ ਵਿਚ ਨਾਮ ਅਭਿਆਸ ਦੀ ਗੁਰਮਤਿ ਜੁਗਤਿ ਏਉਂ ਦਸੀ ਹੈ ਕਿ ਏਸ ਬਿਧ ਗੁਰਮੰਤਰ ਦਾ ਜਾਪ ਕਰਕੇ ਦਸਮ ਦੁਆਰ ਪਹੁੰਚੀਦਾ ਹੈ ਜਿਹਾ ਕਿ ਕਬਿਤ :—

ਸਬਦ ਸੁਰਤਿ ਲਿਵ ਲੀਨ ਜਲ ਮੀਨ ਗਤਿ
ਸੁਖਮਨਾ ਸੰਗਮ ਹੁਇ ਉਲਟਿ ਪਵਨ ਕੈ ॥
ਬਿਸਮ ਬਿਸਵਾਸ ਬਿਖੈ ਅਨਭੈ ਅਭਿਆਸ,
ਰਸ ਪ੍ਰੇਮਮਧੁ ਅਪਿਉ ਪੀਵੈ ਗੁਹਜ ਗਵਨ ਕੈ।
ਸਬਦ ਕੈ ਅਨਹਦ ਸੁਰਤਿ ਕੈ ਉਨਮੀਨ
ਪ੍ਰੇਮ ਕੈ ਨਿਝਰ ਧਾਰ ਸਹਜ ਰਵਨ ਕੈ ॥



www.AKJ.Org

ਤ੍ਰਿਕੁਟਿ ਉਲੰਘਿ ਸੁਖ ਸਾਗਰ ਸੰਜੋਗ ਭੋਗ,
ਦਸਮ ਸਗਲ ਨਿਹਕੇਵਲ ਭਵਨ ਕੈ ॥
ਕਬਿਤ ਨੰ: ੧੨੯੧॥

ਨਾਮ ਦੀ ਅਗਾਧ ਕਲਾ ਹੈ ਜਿਸਦੇ ਤੁਫੈਲ ਅਕਾਲ ਪੁਰਖ ਦੇ ਪ੍ਰਤੱਖ ਦਰਸ਼ਨ, ਦਸਮ ਦੁਆਰ ਦਾ ਉਘਾੜ ਤੇ ਸਚਖੰਡ ਦਾ ਨਿਵਾਸ ਪਰਾਪਤ ਹੁੰਦਾ ਹੈ। ਖਾਲਸੇ ਦਾ ਦਸਮ ਦੁਆਰ ਜੋਗੀਆਂ ਦੇ ਦਸਮਦੁਆਰ ਨਾਲੋਂ ਉਚਾ ਤੇ ਵਿਲਖਣ ਹੈ, ਜੋਗੀਆਂ ਦਾ ਦਸਮ ਦੁਆਰ ਤਾਂ ਨਿਰਾ ਪਵਨ ਪੁਹਾਰਾ ਹੀ ਹੈ। ਏਸ ਦਾ ਫਰਕ ਏਉਂ ਸਮਝੋ ਕਿ ਅੰਗੀਠੀ ਵਿਚ ਜਿਥੇ ਕੋਇਲੇ ਦਗਦੇ ਹਨ ਉਹ ਉਪਰਲਾ ਟਿਕਾਣਾ ਖਾਲਸੇ ਦਾ ਦਸਮ ਦੁਆਰ ਹੈ, ਜਿਥੋਂ ਸਚਖੰਡ ਨਾਲ ਸਿਧਾ ਕੁਨੈਕਸ਼ਨ ਜੁੜਦਾ ਹੈ ਤੇ ਨਾਮ ਦੀਆਂ ਧੁਨੀਆਂ ਦਾ ਅਨਹਦ ਸਬਦ ਸੁਣਾਈ ਦਿੰਦਾ ਹੈ। ਜੋਗੀਆਂ ਦਾ ਦਸਮ ਦੁਆਰ ਤਾਂ ਉਹ ਥਾਂ ਹੈ, ਜਿਥੇ ਅੰਗੀਠੀ ਦੇ ਹੇਠਲੇ ਹਿੱਸੇ ਵਿਚ ਸੁਆਹ ਡਿਗਦੀ ਹੈ। ਜੋਗੀਆਂ ਨੂੰ ਏਥੇ ਬਜੰਤ੍ਰੀ ਬਾਜਿਆਂ ਵੀਣਾਂ, ਢੋਲਕ, ਛੈਣੇ ਆਦਿ ਦੀਆਂ ਧੁਨੀਆਂ ਹੀ ਸੁਣਦੀਆਂ ਹਨ। ਗੁਰੂ ਘਰ ਵਾਲਾ ਅਨਹਦ ਸ਼ਬਦ ਉਹਨਾਂ ਨੂੰ ਪ੍ਰਾਪਤ ਨਹੀਂ ਹੁੰਦਾ ਤੇ ਉਹਨਾਂ ਨੂੰ ਅਕਾਲ ਪੁਰਖ ਪ੍ਰਤੱਖ ਹੁੰਦਾ ਹੈ ਜੈਸਾ ਕਿ ਗੁਰਵਾਕ ਹੈ, 'ਸਿਧ ਆਸਨ ਚਉਰਾਸੀ ਏਹ ਬੀ ਕਰਿ ਕਰਿ ਰਹਿਆ ॥ ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗਿ ਨ ਗਹਿਆ।'

ਏਹ ਉਪਰਲੀ ਮਿਸਾਲ 'ਖਿੜਕੀ ਉਪਰਿ ਖਿੜਕੀ ਅਉਰ' ਵਾਲੇ ਸ਼ਬਦ ਦੇ ਭਾਵ ਦਾ ਟੂਕ ਮਾਤਰ ਪ੍ਰਮਾਣ ਹੈ।

ਇਸ ਲਈ ਸਾਰ ਸੱਟਾ ਏਹ ਹੈ ਕਿ ਅਸਲੀ ਕਲਿਆਣ ਕਾਰੀ ਮੰਤਰਾਂ ਸਿਰ ਮੰਤਰ 'ਵਾਹਿਗੁਰੂ ਗੁਰਮੰਤਰ ਹੈ। ਜੋ ਬੇਦ ਕਤੇਬਾਂ ਤੋਂ ਅਗੋਚਰਾ ਅਕਾਲ ਪੁਰਖ ਦਾ ਆਪ ਸੰਕਤਿਆ ਨਾਮ ਹੈ ਜਿਹਾ ਕਿ :—

'ਬੇਦ ਕਤੇਬ ਅਗੋਚਰਾ,
ਵਾਹਿਗੁਰੂ ਗੁਰ ਸਬਦੁ ਸੁਣਾਇਆ।'
(ਭਾਈ ਗੁਰਦਾਸ ਵਾਰ ੧੨ ਪਉੜੀ ੧੭)

ਏਸ ਗੁਰਮੰਤਰ ਨੂੰ ਜਪਣ ਦੀ ਭਾਈ ਗੁਰਦਾਸ ਜੀ ਹਦਾਇਤ ਕਰਦੇ ਹਨ 'ਵਾਹਿਗੁਰੂ ਸਲਾਹਣਾ ਗੁਰ ਸਬਦ ਅਲਾਏ।'
(ਵਾਰ ੯ ਪਉੜੀ ੧੩(

'ਵਾਹਿਗੁਰੂ ਗੁਰੁ ਸਬਦੁ ਲੈ
ਪਰਮ ਪਿਆਲਾ ਚੁਪ ਚੁਬੋਲਾ।'

ਇਸ ਗੁਰਮੰਤਰ ਨੂੰ ਵਾਰ ਵਾਰ ਜਪਣ ਦੀ ਹਦਾਇਤ ਗੁਰਬਾਣੀ ਵਿਚ ਥਾਂ ਥਾਂ ਮਿਲੀ ਹੈ :—

'ਬਾਰੰਬਾਰ ਬਾਰ ਪ੍ਰਭੁ ਜਪੀਐ ॥
ਪੀ ਅੰਮ੍ਰਿਤ ਇਹੁ ਮਨੁ ਤਨੁ ਧ੍ਰਪੀਐ ॥'
(ਸੁਖਮਨੀ ਸਾਹਿਬ ਅਸਟਪਦੀ ੧੭)

ਸੋ ਨਾਮ ਦਾ ਵਾਰ ਵਾਰ ਜਪਣਾ ਨਿਰੀ ਮਕੈਨੀਕਲ ਰੇਪੀਟੀਸ਼ਨ ਮੁੜ ਮੁੜ ਇਕ ਸਬਦ ਨੂੰ ਕਹੀ ਜਾਣ ਵਾਲੀ ਫੋਕੀ ਕਾਰ ਨਹੀਂ, ਸਗੋਂ ਨਾਮ ਰਸ ਲੀਨ ਕਰਾਉਣ ਤੇ ਕਪਾਟ ਖੋਲਣ ਵਾਲੀ ਸਚੀ ਕਾਰ ਹੈ। ਗੁਰਮਤਿ ਨਾਮ ਅਰਥਾਤ ਵਾਹਿਗੁਰੂ ਦਾ ਅਭਿਆਸ ਊਠਤ ਬੈਠਤ ਸੋਵਤ ਜਾਗਤ ਸਾਸ ਗ੍ਰਾਸ ਹੋ ਸਕਦਾ ਹੈ। ਰਸਨਾ (ਜੀਭ) ਦੁਆਰਾ, ਅਥਵਾ ਸੁਆਸਾ ਤੇ ਸੁਰਤੀ ਦੁਆਰਾ। (ਨਾਮ ਸਿਮਰਣ ਆਦਿ ਸੁਆਲਾਂ ਸੰਬੰਧੀ ਵੇਰਵਾ ਦੇਖਣ ਲਈ ਪੜ੍ਹੋ ਗੁਰਮਤਿ ਨਾਮ ਅਭਿਆਸ ਕਮਾਈ ਗੁਰਮਤਿ ਲੇਖ, ਚਰਨ ਕਮਲ ਕੀ ਮਉਜ ਤੇ ਅਨਹਦ ਸਬਦ ਦਸਮ ਦੁਆਰ ਪੁਸਤਕ)।



www.AKJ.Org

(੨)

# ਨਾਮ ਸੁਣਨਾ ਤੇ ਮੰਨਣਾ

ਨਾਮ ਦੇ ਸੁਣਨ ਮੰਨਣ ਦਾ ਵੇਰਵਾ ਜਪੁਜੀ ਸਾਹਿਬ ਦੀਆਂ ਸੁਣੀਐ, ਮੰਨਿਐ ਦੀਆਂ ਪਉੜੀਆਂ ਵਿਚ ਤੇ ਫੇਰ ਸਾਰੰਗ ਰਾਗ ਦੀ ਵਾਰ ਵਿਚ ਸੁਣਿਐ, ਮੰਨਿਐ ਦੀਆਂ ਪਉੜੀਆਂ ਵਿਚ ਗੁਰੂ ਸਾਹਿਬ ਨੇ ਆਪ ਕੀਤਾ ਹੈ। ਏਸ ਦੀ ਵਿਆਖਿਆ ਪੂਰੀ ਤਰ੍ਹਾਂ ਖੋਹਲ ਕੇ 'ਗੁਰਮਤਿ ਨਾਮ ਅਭਿਆਸ ਕਮਾਈ' ਪੁਸਤਕ ਵਿਚ ਕੀਤੀ ਗਈ ਹੈ। (ਦੇਖੋ ਏਸ ਪੁਸਤਕ ਦਾ ਪੰਨਾ ੧੭੭ ਤੋਂ ੨੫੫ ਤਕ) ਏਸ ਲਈ ਇਸ ਦੀ ਵਿਆਖਿਆ ਦੁਬਾਰਾ ਏਥੇ ਨਹੀਂ ਕੀਤੀ ਗਈ। ਕਿਉਂਕਿ ਪੁਸਤਕ ਦਾ ਅਕਾਰ ਤੇ ਵਿਸਥਾਰ ਵਧ ਜਾਏਗਾ । ਪ੍ਰੇਮੀ ਸਜਣ ਏਹ ਪ੍ਰਕਰਣ 'ਗੁਰਮਤਿ ਨਾਮ ਅਭਿਆਸ ਕਮਾਈ' ਪੁਸਤਕ ਵਿਚੋਂ ਪੜ੍ਹ ਲੈਣ ।

(੩)

# ਗੁਰਬਾਣੀ ਦੇ ਪੜ੍ਹਨ ਸੁਣਨ ਤੇ ਕੀਰਤਨ ਦਾ ਅਸਰ

ਗੁਰਬਾਣੀ ਦੇ ਪੜ੍ਹਨ ਸੁਣਨ ਤੇ ਕੀਰਤਨ ਦੀ ਪਾਰਸ ਅਖੰਡਾਕਾਰ ਸਪਰਸ਼ ਦੁਆਰਾ ਗੁਰਬਾਣੀ ਸੇਵਨਹਾਰੇ ਜਗਿਆਸੂ ਦੀ ਸੁਰਤੀ ਬਿਰਤੀ ਸੈਕ੍ਰਲ ਹੋ ਕੇ ਆਤਮ ਜਾਗਰਤਾ ਵਿਚ ਜਾਗ ਉਠਦੀ ਹੈ। ਇਸ ਜਾਗ ਲਗਣ ਦਾ ਸੁਫਲ ਫਲ—ਸਿਟਾ ਏਹ ਹੁੰਦਾ ਹੈ ਕਿ ਮਧ ਵਰਗ ਤੋਂ ਚਲੇ ਆ ਰਹੇ ਨਾਮ ਅਭਿਆਸੀ ਦਾ ਖੰਡਾ ਜ਼ੋਰੋ ਜ਼ੋਰ ਖੜਕਣ ਲਗ ਪੈਂਦਾ ਹੈ, ਜੋ ਨਾਮ ਅਭਿਆਸੀ ਨੂੰ ਨਾਮ-ਲਿਵਤਾਰ ਅਤੇ ਰਸ ਜੋਤ ਪ੍ਰਕਾਸ਼ ਦੇ ਝਲਕਾਰ ਦੀ ਸੂਰਮਤਾ ਲਈ ਅਵੱਸ਼ ਸਹਾਈ ਹੁੰਦਾ ਹੈ। ਅਲ੍ਹੜ (ਨਵੇਂ) ਜਗਿਆਸੂ ਨੂੰ ਨਾਮ ਦੀਆਂ ਤਰਬ ਤਰੰਗਾਂ ਤਾਰਾਂ ਬਜਾਉਣ ਹਿਤ ਅਤੇ ਨਾਮ ਅਭਿਆਸ ਨੂੰ ਗਹਿ ਕਰਕੇ ਦ੍ਰਿੜਾਉਣ ਹਿਤ ਗੁਰਬਾਣੀ ਦਾ ਪੜ੍ਹਨਾ ਸੁਣਨਾ ਤੇ ਕੀਰਤਨ ਕਰਨਾ ਸਦਾ ਲਈ ਸੁਖਦਾਈ ਹੁੰਦਾ ਹੈ। ਅਨਪੜ੍ਹ ਨਾਮ ਅਭਿਆਸੀ ਜਗਿਆਸੂ ਨੂੰ ਗੁਰਬਾਣੀ ਪਾਠ ਕੀਰਤਨ ਦਾ ਸੁਣਨਾ ਹੀ ਅਤਿਸੈ ਕਰਕੇ ਸਹਾਈ ਹੁੰਦਾ ਹੈ। ਗੁਰਬਾਣੀ ਦੀ ਸਹਾਇਤਾ ਤੋਂ ਬਿਨਾਂ ਨਾਮ ਦੇ ਸਿਮਰਣ ਵਿਚ ਨਿਤ ਨਵੀਂ ਚੜ੍ਹਦੀ ਕਲਾ ਨਹੀਂ ਵਰਤਦੀ, ਜੋ ਗੁਰਬਾਣੀ ਪੜ੍ਹਨ ਸੁਣਨ ਵਾਲੇ ਨਾਮ ਅਭਿਆਸੀ ਦੀ ਦਸ਼ਾ ਵਰਤਦੀ ਤੇ ਪਲਰਦੀ ਹੈ। ਕਿਉਂਕਿ ਗੁਰਬਾਣੀ ਤੇ ਨਾਮ ਦੋਨੋਂ ਓਤ ਪੋਤ ਹਨ । ਗੁਰਬਾਣੀ ਦੀ ਪਾਰਸ ਕਲਾ ਦੀ ਸਹਾਇਤਾ ਤੋਂ ਸਖਣੇ ਨਿਰੇ ਨਾਮ ਦੇ ਅਭਿਆਸੀ ਅਕਸਰ ਖੜਦੀ ਕਲਾ ਵਿਚ ਰਹਿ ਜਾਂਦੇ ਹਨ। ਓਹਨਾਂ ਦੀ ਚੜ੍ਹਦੀ ਕਲਾ ਦੇ ਰੰਗਾਂ ਦਾ ਖੇੜਾ ਖਿੜਦਾ ਹੀ ਨਹੀਂ। ਜੈਸਾ ਕਿ ਬਹੁਤ ਸਾਰੇ ਨਾਮਧਾਰੀਆ ਦੀ ਦਸ਼ਾ ਹੋ ਰਹੀ ਹੈ।

ਓਹ ਗੁਰਬਾਣੀ ਨੂੰ ਜਦੋਂ ਛਡ ਗਏ, ਜਿਥੇ ਸੀ ਓਥੇ ਹੀ ਰਹਿ ਗਏ। 'ਗੁਰਮੁਖਿ ਬਾਣੀ ਨਾਮ ਬਜਾਵੈ' ਵਾਲੀ ਪਾਰਸ ਕਲਾ ਵਰਤਣੋ ਰਹਿ ਖੜੋਤੀ ਕਿਉਂਕਿ ਪਰਮ ਪਾਰਸ ਰੂਪ ਬਾਣੀ ਦਾ ਸਪਰਸ਼ ਜੋ ਰਹਿ ਖੜੋਤਾ। ਉਹਨਾਂ ਨੂੰ ਗੁੜ੍ਹਤੀ ਹੀ ਹੋਰੂੰ ਮਿਲੀ। ਇਸ ਤਰ੍ਹਾਂ ਕਈ ਕਾਰਣ ਬਣ ਗਏ। ਉਹਨਾਂ ਦੀ ਖੜਦੀ ਕਲਾ ਵਿਚ ਖੜੋਤੇ ਰਹਿ ਜਾਣ ਦਾ ਕਾਰਣ ਏਹੋ ਹੋਇਆ ਕਿ ਉਹਨਾਂ ਨੇ ਕੇਵਲ ਨਾਮ ਨੂੰ ਹੀ ਤੱਤ ਜਾਣਿਆ ਪਰ ਜਿਸ ਗੁਰਬਾਣੀ ਨੇ ਨਾਮ ਨੂੰ ਤੱਤ ਜਣਾਇਆ ਸੀ ਉਹ ਤੱਤ ਸਮੁੰਦਰ ਬਾਣੀ ਨੂੰ ਬਿਲੋਵਣਾ ਛਡ ਦਿਤਾ। ਤਾਂ 'ਮਾਖਨੀ



www.AKJ.Org

ਕੈਸੇ ਰੀਸ'। ਓਹਨਾਂ ਦੀ ਬੇਸਮਝੀ ਏਹ ਹੋਈ ਕਿ ਉਹ ਸਮਝ ਬੈਠੇ ਕਿ ਬਸ ਬਾਣੀ ਵਿਚੋਂ ਤਤ ਤਾਂ ਵਿਰੋਲ ਲਿਆ, ਹੁਣ ਬਾਣੀ ਦੀ ਕੀ ਲੋੜ? ਪਰ ਉਹ ਏਸ ਗਲੋਂ ਅਗਿਆਤ ਹੀ ਰਹੇ ਕਿ ਗੁਰਬਾਣੀ ਦਾ ਨਿਤ ਪ੍ਰਤੀ ਅਭਿਆਸ ਵਿਲੋਵਣਾ ਦਰਕਾਰ ਹੈ। ਜਿਉਂ ਜਿਉਂ ਗੁਰਬਾਣੀ ਰੂਪ ਸਮੁੰਦਰ ਨੂੰ ਵਿਲੋਰਿਆ ਬਿਲੋਇਆ ਜਾਵੇਗਾ, ਤਿਉਂ ਤਿਉਂ ਹੋਰ ਤੋਂ ਹੋਰ ਨਾਮ ਰਸਕ ਰਸਾਕੀ ਘ੍ਰਿਤ ਗਟਾਕ ਭੁੰਚਣ ਦਾ ਅਹਿਲਾਦ ਪ੍ਰਾਪਤ ਹੋਵੇਗਾ। ਕਿਉਂ ਕਿ ਏਸ ਅਮਰ ਪਦਾਰਥੀ ਦੁਧ (ਸਮੁੰਦਰ) ਨੇ ਤਾਂ (ਗਊ ਭੈਂਸ ਦੇ ਦੁਧ ਵਾਂਗ) ਕਦੇ ਫੋਕਟ ਹੀ ਨਹੀਂ ਰਹਿ ਜਾਣਾ। ਭਾਵੇਂ ਲੱਖਾਂ ਬਿਲੋਵਣਹਾਰੇ ਨਾਮ ਤਤ ਰੂਪੀ ਮੱਖਣ ਦੇ ਗਟਾਕ ਵਿਚੋਂ ਕਢ ਕਢ ਕੇ ਭੁੰਚ ਭੁੰਚਕੇ ਅਘਾਈ ਜਾਵਣ ਤਾਂ ਤੇ ਗੁਰਬਾਣੀ ਸਫਲ ਸਦਾ ਸੁਖਦਾਈ ਹੈ। ਅਤੇ ਹਰ ਦਮ ਨਾਮ ਅਭਿਆਸ ਹਿਤ ਸਹਾਈ ਹੈ।

ਗੁਰਬਾਣੀ ਦੇ ਨਾਮ ਦਾ ਤਤ-ਜੋਤਿ-ਰਹਸ ਓਤਪੋਤ ਅਰਥਾਤ ਇਕ ਮਿਕ ਹੋਣ ਕਰਕੇ ਸੇਵਨ ਹਾਰੇ ਦੇ ਸਾਧਨ ਭਿੰਨ ਭਿੰਨ ਨਹੀਂ ਕਹਾ ਸਕਦੇ। ਨਿਸਤਾਰਾ ਜਾ ਕੇ ਨਾਮ ਲੀਨਤਾ ਵਿਚ ਹੀ ਹੋਣਾ ਹੈ। ਗੁਰਬਾਣੀ ਦੀਆਂ ਪ੍ਰੇਮ ਨਾਲ ਪੋਥੀਆ ਲਿਖਣ ਹਾਰਿਆਂ ਦੀ ਤਤ ਕਲਿਆਣ ਵੀ ਏਸ ਕਰਕੇ ਹੁੰਦੀ ਹੈ ਕਿ ਗੁਰਬਾਣੀ ਲਿਖਦੇ ਲਿਖਦੇ ਤਤ ਪਾਰਸ ਰੂਪੀ ਰਸਾਇਣੀ ਕਲਾ ਲਿਖਾਰਿਆਂ ਦੀ ਸੁਰਤੀ ਬਿਰਤੀ ਨਾਲ ਰਗੜ ਖਾ ਕੇ ਵਰਤ ਜਾਂਦੀ ਹੈ। ਜਿਨ੍ਹਾਂ ਨੂੰ ਨਾਮ ਦੀ ਸੂਝ ਬੂਝ ਵੀ ਨਹੀਂ ਹੁੰਦੀ ਉਹਨਾਂ ਨੂੰ ਨਾਮ ਉਤੇ ਸਰਧਾ ਲਿਆ ਦਿੰਦੀ ਹੈ ਤੇ ਉਹਨਾਂ ਨੂੰ ਨਾਮ ਦੇ ਪਾਤਰ ਬਣਾ ਕੇ ਭਾਂਡੇ ਭਰਪੂਰ ਕਰਨ ਕਰਾਵਣ ਦੇ ਅਵਸਰ ਬਣਾ ਦਿੰਦੀ ਹੈ। ਜਿਹਨਾਂ ਲਿਖਾਰਿਆਂ ਨੂੰ ਨਾਮ ਪਹਿਲਾਂ ਹੀ ਪ੍ਰਾਪਤ ਹੈ ਤਿਨਾਂ ਨੂੰ ਗੁਰਬਾਣੀ ਲਿਖਣ ਦੀ ਅਖੰਡ ਸੇਵਾ ਅਖੰਡਾਕਾਰ ਨਾਮ ਖੰਡਾ ਖੜਕਾਵਣ ਦਾ ਨਛਾਵਰਾ ਬਖਸ਼ਦੀ ਹੈ। ਪਰੰਤੂ ਨਿਸਤਾਰਾ ਓਦੋਂ ਹੀ ਹੁੰਦਾ ਹੈ ਜਦੋਂ "ਗੁਰਬਾਣੀ ਕਹੈ ਸੇਵਕ ਜਨ ਮਾਨੈ" ਵਾਲੀ ਹੁਕਮ ਦੀ ਪਾਲਣਾ ਵਾਲਾ ਵਰਤਾਰਾ ਵਰਤਦਾ ਹੈ। ਬਾਰੰਬਾਰ ਗੁਰਬਾਣੀ ਦਾ ਸੇਵਨ ਹੁੰਦਾ ਹੈ। ਗੁਰਬਾਣੀ ਦਾ ਲਿਖਣ, ਪੜ੍ਹਨ ਅਤੇ ਗਾਵਨ ਰੂਪੀ ਸੇਵਨ ਬਾਰੰਬਾਰ ਹੁੰਦਾ ਹੈ ਤਾਂ ਜਾ ਕੇ ਸੇਵਨਹਾਰੇ ਦੀ ਸੁਰਤੀ ਬਿਰਤੀ ਨੂੰ ਪਿਰਮ ਪੈਰਾਮ (ਪਰੇਮ ਦੇ ਤੀਰ) ਵਾਲੀ ਚੋਟ ਲਗਦੀ ਹੈ ਤੇ ਪਰਤੱਖ ਪ੍ਰਤੀਤ ਹੁੰਦਾ ਹੈ ਕਿ ਗੁਰਬਾਣੀ ਤਾਂ ਇਹ ਹੁਕਮ ਦਿੰਦੀ ਹੈ ਕਿ "ਨਾਮ ਜਪਹੁ, ਨਾਮ ਜਪਹੁ" ਇਸ ਬਿਧਿ ਗੁਰਬਾਣੀ ਦੁਆਰਾ ਨਾਮ ਦਿਨੋ ਦਿਨ ਦੂਣ ਸਵਾਇਆ ਦ੍ਰਿੜ ਹੁੰਦਾ ਰਹਿੰਦਾ ਹੈ। ਇਸ ਤਰ੍ਹਾਂ ਪ੍ਰਤੱਖ ਨਿਸਤਾਰਾ ਹੁੰਦਾ ਹੈ। ਗੁਰਬਾਣੀ, ਅੰਮ੍ਰਿਤ ਬਾਣੀ ਗੁਰੂ ਰੂਪ ਹੋਣ ਦੇ ਕਾਰਨ ਅੰਮ੍ਰਿਤ ਨਾਮ ਦੀ ਦਾਤੀ ਹੈ। ਦਾਤਾਰ ਗੁਰੂ ਰੂਪ ਬਾਣੀ ਤੋਂ ਬੇਮੁਖ ਹੋ ਕੇ ਕਦੇ ਅੰਮ੍ਰਿਤ ਦੇ ਗੂੜ ਰੰਗਾਂ ਵਿਚ ਤਤਪਰ ਰਹਿ ਸਕੀਦਾ ਹੈ? ਕਦਾਚਿਤ ਨਹੀਂ! ਤਾਂਤੇ ਸਾਧਨ ਅਨੇਕ ਨਹੀਂ। ਏਕ ਹੀ ਹੈ। ਸਾਡੀ ਸਮਝ ਵਿਚ ਹੀ ਫਰਕ ਹੈ। ਜਿਹਨਾਂ ਅਭਾਗੇ ਜਗਿਆਸੂਆਂ ਨੂੰ ਗੁਰਬਾਣੀ ਸੇਵਨ ਕਰਦਿਆਂ ਨਾਮ ਰੂਪ ਤਤ ਪਦਾਰਥ ਨਹੀਂ ਲਭਾ, ਉਹਨਾਂ ਦੀ ਤਤ ਕਲਿਆਣ ਏਸ ਜਨਮ ਵਿਚ ਨਹੀਂ ਹੋਵੇਗੀ, ਕੋਈ ਕਸਰ ਕਾਂਪ ਜੋ ਰਹਿ ਗਈ ਹੈ ਤਾਂ ਦੂਜੇ ਜਨਮ ਵਿਚ ਜਾ ਕੇ ਸ਼ਗੂਫਾ ਖਿੜਾਏਗੀ। ਕਮਾਈ ਨਿਰੋਲ ਗੁਰਬਾਣੀ ਅਭਿਆਸ ਦੀ ਵੀ ਆਹਲੀ (ਖਾਲੀ) ਨਹੀਂ ਜਾਣੀ ਜਿਹਨਾਂ ਨੂੰ



www.AKJ.Org

ਗੁਰਬਾਣੀ ਸੇਵਨ ਕਰਦਿਆਂ ਏਹ ਗਲ ਨਹੀਂ ਫੁਰਦੀ ਕਿ ਨਾਮ ਪਦਾਰਥ ਵਿਲਖਣ ਹੈ ਅਰਥਾਤ ਗੁਰਬਾਣੀ ਤੋਂ ਵਖਰਾ ਹੈ। ਉਨ੍ਹਾਂ ਦੇ ਗੁਰਬਾਣੀ ਸੇਵਨ ਵਿਚ ਫਰਕ ਹੈ, ਕਮਾਈ ਵਿਚ ਊਣਤਾਈ ਹੈ, ਮਨ ਬਚਨ, ਕਰਮ ਕਰਕੇ ਉਹ ਅਜੇ ਗੁਰਬਾਣੀ ਦੇ ਸੇਵਨ ਵਿਚ ਤਦ ਰੂਪ ਨਹੀਂ ਹੋਏ ਅਥਵਾ ਗੁਰਮਤਿ ਗਿਆਨ ਕਲਾ ਦੇ ਅਜੇ ਉਹ ਅਧਿਕਾਰੀ ਹੀ ਨਹੀਂ ਬਣੇ। ਜਾਂ ਉਹਨਾ ਨੂੰ ਪੂਰਨ ਗੁਰਮਤਿ ਬਿਧੀ ਅਨੁਸਾਰ ਅੰਮ੍ਰਿਤ ਪਾਨ ਕਰਨ ਦਾ ਅਵਸਰ ਹੀ ਪ੍ਰਾਪਤ ਨਹੀਂ ਹੋਇਆ ਜਾਂ ਏਉਂ ਕਹੋ ਕਿ ਉਹਨਾਂ ਦੇ ਪੂਰਬਲੇ ਕਰਮਾਂ ਦਾ ਅਜੇ ਅੰਕੂਰ ਨਹੀਂ ਜਾਗਿਆ। ਜੇ ਹੁਣ ਨਹੀਂ ਜਾਗਿਆ ਤਾਂ ਫੇਰ ਜਾਗੇਗਾ, ਕਸਰਾਂ ਕਢ ਕੇ ਜਾਗੇਗਾ। ਏਸ ਨਹੀਂ ਤਾਂ ਅਗਲੇ ਜਨਮ ਵਿਚ ਜਾਗੇਗਾ। ਅੰਗੂਰ ਉਗਵੀ ਭੋਗ ਭੋਗਾਇਕੇ ਜਾਗੇਗਾ। ਜਾਗੇਗਾ ਸਹੀ ਜ਼ਰੂਰ। ਆਹਲਾ(ਖਾਲੀ) ਕਦੇ ਨਹੀਂ ਜਾਣਾ। ਕਮਾਈ ਦੀ ਅਧੂਰੀ ਰਹਿ ਗਈ ਖੇਡ ਅੰਕੂਰ ਉਗਵਣ ਸਾਰ ਆਗੇ ਪਾਛੈ ਜਰੂਰ ਪੂਰੀ ਜਾਏਗੀ, ਏਹ ਬਾਤ ਨਿਸਚੇ ਕਰ ਜਾਣੋ ਜੀ।

(੪)

## ਨਾਮ ਬਾਣੀ ਦੀ ਪਾਰਸ ਕਲਾ

ਜੋ ਮਨੁਖ ਆਪਣੀ ਮਨੋਰਥ ਪੂਰਤੀ ਲਈ ਹੀ ਨਾਮ ਜਪਦੇ ਹਨ ਯਾ ਗੁਰਬਾਣੀ ਦਾ ਸੇਵਨ ਕਰਦੇ ਹਨ, ਚਾਹੇ ਉਹ ਪਹਿਲਾਂ ਸੁਆਰਥ ਸਿਧਿ ਲਈ ਹੀ ਏਸ ਲਗ਼ਨ ਵਿਚ ਲਗਦੇ ਹਨ ਪਰ ਸੁਆਰਥ ਸਿਧਿ ਦੇ ਪ੍ਰਬਲ ਹੋਣ ਕਰ ਉਹ ਨਿਜ ਮਨੋਰਥ ਪੂਰਤੀ ਲਈ ਨਾਮ ਬਾਣੀ ਦੇ ਰਟਣ ਵਿਚ ਲਟਾ-ਪੀਂਘ ਹੋ ਜਾਂਦੇ ਹਨ। ਨਾਮ ਗੁਰਬਾਣੀ ਪਾਰਸ ਰੂਪ ਹਨ। ਇਸ ਪਾਰਸ ਰੂਪ ਅੰਮ੍ਰਿਤ ਪਦਾਰਥ ਦੇ ਸਪਰਸ਼ ਨਾਲ ਨਾਮ ਬਾਣੀ ਦੀ ਪਾਰਸ ਕਲਾ ਵਰਤ ਜਾਂਦੀ ਹੈ। ਜਿਸ ਕਰਕੇ ਨਾਮ ਬਾਣੀ ਦਾ ਰਸ ਆਉਣ ਲਗ ਜਾਂਦਾ ਹੈ। ਇਸ ਤਰ੍ਹਾਂ ਨਾਮ ਬਾਣੀ ਦੇ ਸੇਵਨਹਾਰੇ ਦੀ ਸੁਰਤੀ ਬਿਰਤੀ ਪ੍ਰਵਿ-ਰਤੀਓਂ (ਸੰਸਾਰਕ ਵਿਹਾਰਾਂ) ਤੋਂ ਉਚਾਟ ਹੋ ਕੇ ਪਰਮਾਰਥੀ ਲਗਨ ਵਿਚ ਜਾ ਪਰਵੇਸ਼ ਕਰਦੀ ਹੈ ਫੇਰ ਗੁਰਬਾਣੀ ਤੇ ਨਾਮ ਦਾ ਅਭਿਆਸ ਕੇਵਲ ਰਸ ਵਿਗਾਸ ਦੇ ਪ੍ਰਾਇਣ ਹੋ ਕੇ ਕਰੀਦਾ ਹੈ। ਇਸ ਬਿਧ ਗੁਰਬਾਣੀ ਨਾਮ ਦੀ ਅੰਮ੍ਰਿਤ ਪਾਰਸ ਰਸਾ-ਇਣੀ ਕਲਾ ਦਾ ਨਿਤਾ ਪ੍ਰਤੀ ਤੇ ਖਿਨ ਖਿਨੀ ਸਪਰਸ਼ (ਭਾਵੇਂ ਪਹਿਲਾਂ ਸੁਆਰਥ ਸਿਧੀ ਹਿਤ ਹੀ ਅਰੰਭ ਹੋਇਆ ਹੋਵੇ) ਓੜਕ ਪ੍ਰਮਾਰਥੀ ਰੰਗਾਂ ਵਾਲੇ ਤੱਤ ਆਦਰਸ਼ ਵਿਚ ਅਰੂੜ ਕਰਾਇ ਦਿੰਦਾ ਹੈ। ਗੁਰਬਾਣੀ ਦਾ ਲਗਾਤਾਰ ਸੇਵਨ ਸੇਵਨਹਾਰੇ ਦੀ ਬੁਧੀ ਨੂੰ ਪਰਮਾਰਥ ਸਿਧਿ ਦੇ ਪਰਮ ਮਨੋਰਥ ਹਿਤ ਸਾਵਧਾਨ ਕਰ ਦਿੰਦਾ ਹੈ ਕਿਉਂਕਿ ਵਾਸਤਵ ਵਿਚ ਸਮਗਰ ਗੁਰਬਾਣੀ ਤਤ ਆਦਰਸ਼ੀ ਦੀਖਿਆ ਤਾਂ ਹੈ ਹੀ ਪ੍ਰਮਾਰਥ ਸਿਧੀ ਹਿਤ। ਪਰਮਾਰਥੀ ਸਿਧਿ ਹਿਤ ਨਾਮ ਬਾਣੀ ਦਾ ਕੀਤਾ ਹੋਇਆ ਸੇਵਨ ਫੇਰ ਸੁਤੇ ਸਿਧ ਹੀ ਸਗਲ ਪਦਾਰਥ ਸਿਧੀ ਕਰਾਈ ਜਾਂਦਾ ਹੈ। ਨਾਮ ਰਸਕ ਵੈਰਾਗ ਹੋਣ ਦੀ ਅਵਸਥਾ ਤਾਈਂ ਰਿਧੀ ਸਿਧਿ ਦੇ ਵਹਿਣ ਵਿਚ ਰੁੜ੍ਹ ਜਾਣ ਦਾ ਤੌਖਲਾ ਤਾਂ ਜ਼ਰੂਰ ਹੈ। ਪਰਮਾਰਥ ਦੇ ਪਰਬਲ ਪਰੇਮ ਪਰਾਇਣੀ ਪਾਂਧੀਆਂ ਨੂੰ ਰਿਧੀ ਸਿਧੀ ਸਭ ਮੋਹ ਹੀ ਸਚਮੁਚ ਪ੍ਰਤੀਤ ਹੋਣ ਲਗ ਪੈਂਦੀ ਹੈ। ਗੁਰਬਾਣੀ ਸੇਵਨ ਦੀ ਦੀਰਘ ਗਾਖੜੀ ਗੂੜ੍ਹ ਮਤ ਗਾਖੜੀ ਸੇਵਾ ਰਿਧੀ ਸਿਧੀ ਆਦਿਕ ਨੂੰ ਮੋਹ ਰੂਪ



www.AKJ.Org

ਦਰਸਾ ਕੇ ਗੁਰਮਤਿ ਭੈ ਭਾਵਨੀ ਅੰਦਰ ਲੈ ਆਉਂਦੀ ਹੈ। ਜਿਸ ਕਰਕੇ ਪਰਮਾਰਥ ਪਾਂਧੀ ਅਰਥਾਤ ਗੁਰਮਤਿ ਪਰਮਾਰਥ ਪਾਂਧੀ ਰਿਧੀਆ ਸਿਧੀਆਂ ਦਾ ਗੁਮੇਹ ਹੀ ਨਹੀਂ ਕਰਦੇ। ਨਾਮ ਗੁਰਬਾਣੀ ਦੀ ਸੁਤੇ ਸਿਧ ਕਮਾਈ ਦਾ ਅੰਮ੍ਰਿਤ ਰਸਾਇਣੀ ਪਰਮ ਅਨੰਦ ਰਸ ਉਗਵਿ ਆਉਂਦਾ ਹੈ। ਜਿਸ ਕਰਕੇ ਉਹ ਉਕਾ ਹੀ ਮੋਹ ਮਮਤਾਵੀ ਰਿਧੀ ਸਿਧੀ ਨੂੰ ਪਿਠ ਦੇ ਬੈਠਦਾ ਹੈ। ਅਤੇ ਉਸ ਨੂੰ ਰਿਧੀਆਂ ਸਿਧੀਆਂ ਦਾ ਸੁਤੇ ਸਿਧੀ ਆਵਣਾ ਦਰਸਾਵਣਾਂ ਪੁਹੰਦਾ ਹੀ ਨਹੀਂ।

'ਅਪਨੇ ਲੋਭ ਕੋ ਕੀਨੋ ਮੀਤ।'

ਸਾਰਖ਼ੇ ਗੁਰਵਾਕਾਂ ਦੀ ਗੁਰਮਤਿ ਅਸੂਲੀ ਸਚਾਈ ਵਿਚ ਕੋਈ ਸੰਦੇਹ ਨਹੀਂ। ਤਲਖ ਤਜਰਬੇ ਅੰਦਰ ਆਈਆਂ ਉਲਟ ਮਿਸਾਲ਼ਾਂ ਟਾਂਵੀ ਜਾਂ ਬਹੁਤੀ ਗਿਣਤੀ ਵਿਚ ਦੇਖੀਆਂ ਪਰਖੀਆਂ ਜਾਂਦੀਆਂ ਹਨ ਤਾਂ ਉਹਨਾ ਦਾ ਕਾਰਨ ਕੇਵਲ ਏਹੋ ਹੀ ਹੈ ਵਾਸਤਵ ਵਿਚ ਉਹ ਲੋਕ ਪਾਰਸ ਨੂੰ ਪਰਸਦੇ ਹੀ ਹੀ ਨਹੀਂ। ਉਹ ਜੋ ਨਾਮ ਦੀ ਕਮਾਈ ਕਰਦੇ ਹਨ ਉਹ ਸਿਰਫ ਲੋਕ ਦਿਖਾਵੇ ਲਈ ਅਤੇ ਲੋਕਾਂ ਨੂੰ ਰੀਝਾਵਣ ਲਈ ਥੋੜੇ ਚਿਰ ਲਈ ਪਖੰਡ ਪਸਾਰਾ ਹੀ ਕਰਦੇ ਹਨ। ਅਸਲ ਕਮਾਈ ਕੋਈ ਨਹੀਂ ਕਰਦੇ। ਦਿਖਾਵੇ ਮਾਤਰ ਪਪ ਪਪ ਕਰਦੇ ਹਨ। ਉਨ੍ਹਾਂ ਪਰਤੀ ਹੀ -

'ਰਾਮ ਰਾਮ ਸਭ ਕੋ ਕਹਿਐ ਰਾਮ ਨਾ ਹੋਇ॥

ਵਾਲਾ ਗੁਰਵਾਕ ਪੂਰਾ ਘਟਦਾ ਹੈ। ਉਹਨਾਂ ਦਾ ਹਾਲ ਅਜੇਹਾ ਹੈ ਜੈਸੇ ਕਿ ਗੁਰਮਤਿ ਜੁਗਤੀ ਵਿਹੂਣ ਨਿਗੁਰੇ ਸਾਕਤਾਂ ਦਾ ਆਪਣੇ ਹੁਦਰੋਂ ਨਾਮ ਦੀ ਰਟ ਲਗਾਉਣ ਵਾਲਾ ਹਿਰਣਾ ਅਗੇ ਹੋ ਚੁਕਾ ਹੈ। ਉਹ ਵਾਸਤਵ ਵਿਚ ਗੁਰਮਤਿ ਨਾਮ ਨਹੀਂ ਜਪਦੇ ਨਾ ਹੀ ਉਹਨਾਂ ਨੂੰ ਗੁਰਦੁਆਰਿਓਂ ਨਾਮ ਪੂਰੀ ਵਿਧੀ ਅਨੁਸਾਰ ਪ੍ਰਾਪਤ ਹੋਇਆ ਹੁੰਦਾ ਹੈ। ਉਹ ਆਪਣੇ ਹੁਦਰੋਂ ਪਏ ਪਪ ਪਪ ਕਰੀ ਜਾਣ ਅਤੇ ਬੁਲ੍ਹ ਹਿਲਾਈ ਜਾਣ ਅਤੇ ਹਿਲਾ ਹਿਲਾ ਕੇ ਲੋਕਾ ਨੂੰ ਦਿਖਾਈ ਜਾਣ ਉਹਨਾ ਦਾ ਇਸ ਬਿਧ ਇਉਂ ਕਰਨਾ ਨਾਮ ਜਪਣਾ ਹੀ ਨਹੀਂ ਕਹਾ ਸਕਦਾ।

ਗੁਰਬਾਣੀ ਨੂੰ ਅਦਬ ਸੇਤੀ ਪਰੇਮ ਨਾਲ ਲਿਖਣ ਪੜ੍ਹਣ ਵਾਲਿਆਂ ਦਾ ਹੀ ਓੜਕ ਉਧਾਰ ਨਿਸਤਾਰਾ ਹੁੰਦਾ ਹੈ। ਗੁਰਬਾਣੀ ਦੇ ਲਿਖਾਰੀਆਂ ਦਾ ਅੰਤੀ ਉਧਾਰ ਹੋਵੇਗਾ। ਕੰਪਾਜ਼ੀਟਰਾਂ, ਕੁਤਬ ਫਰੋਸ਼ਾਂ ਦਾ ਗੁਰਬਾਣੀ ਦੇ ਗੁਟਕਿਆਂ ਪੋਥੀਆਂ ਨੂੰ ਬੇਅਦਬੀਆਂ ਕਰ ਕਰ ਕੇ ਛਪਾਉਣ ਹਾਰਿਆਂ ਅਤੇ ਛਪਾ ਛਪਾ ਕੇ ਬੇਅਦਬੀ ਨਾਲ ਰਖ ਰਖ ਕੇ ਬੇਅਦਬੀ ਨਾਲ ਵੇਚਣ ਵਾਲਿਆਂ ਦਾ, ਦੰਮਾਂ ਬਦਲੇ ਬੇਅਦਬੀ ਕਰਨ ਹਾਰਿਆਂ ਦਾ ਉਧਾਰ ਹੋਣਾ ਗੁਰਮਤਿ ਅਕੀਦੇ ਤੋਂ ਬਹੁਤ ਦੂਰ ਹੈ। ਜਿਹਨਾਂ ਦਾ ਪੇਸ਼ਾ ਹੀ ਪਖੰਡ ਜਾਂ ਦੰਮਾਂ ਦੀ ਵਿਹਾਜੀ ਹੈ ਉਹਨਾਂ ਉਤੇ ਪਾਰਸ ਕਲਾ ਵਰਤਣ ਵਾਲੀ ਗਲ ਕਦੇ ਘਟ ਹੀ ਨਹੀਂ ਸਕਦੀ। ਹਥਾਂ ਦੀਅ ਉਂਗਲੀਆਂ ਨਾਲ ਗੁਰਬਾਣੀ ਦੇ ਅਖਰਾਂ ਨੂੰ ਘਸਾਈ ਜਾਣ ਨਾਲ ਪਾਰਸ ਕਲਾ ਵਾਲੀ ਚੁੰਬਕ ਰਗੜ ਪਰਚੰਡ ਨਹੀਂ ਹੁੰਦੀ। ਨਾ ਹੀ ਹਥਾਂ ਨਾਲ ਮਾਲਾ ਫੇਰੇ ਸਿਮਰਨੇ ਘਸਾਇਆਂ ਆਤਮ ਪ੍ਰਕਾਸ਼ ਪਰਜੁਲਤੀ ਸ਼ਕਤੀ ਪਰਾਪਤ ਹੁੰਦੀ ਹੈ, ਜਦ ਤੀਕ ਕਿ ਪੂਰਨ ਗੁਰਮਤਿ ਵਿਧਿ ਅਨੁਸਾਰ ਗੁਰ ਮਤਿ ਨਾਮ ਦੀ ਪ੍ਰਾਪਤੀ ਨਾ ਹੋ ਗਈ ਹੋਵੇ। ਨਾਮ ਪ੍ਰਾਪਤ ਕਰਕੇ ਵੀ ਜੇ ਕੋਈ ਉਲਟੇ ਵਹਿਣਾਂ ਵਿਚ ਤੁਰੇ ਤਾਂ ਉਸਦਾ ਵੀ ਸਿਮਰਣੇ ਘਸਾਈ ਵਾਲਾ ਪੋਚ ਦਿਖਾਵਾਂ ਕਿਸੇ ਲੇਖੇ ਨਹੀਂ।

www.AKJ.Org

# ਨਾਮ ਸਿਮਰਨ

(ਪ੍ਰੋ: ਹਰਬੰਸ ਸਿੰਘ)

ਗੁਰਮਤਿ ਦਾ ਧੁਰਾ 'ਨਾਮ' ਹੈ। ਨਾਨਕ ਘ੦ ਦੀ ਸਾਰੀ ਸਿਖਸ਼ਾ ਨਾਮ ਦੇ ਪ੍ਰਕਾਸ਼ ਨੂੰ ਮਨੁੱਖ ਮਾਤਰ ਤਕ ਪ੍ਰਗਟ ਕਰਨ ਲਈ ਹੈ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਸਾਰੀ ਬਾਣੀ ਨਾਮ ਨੂੰ ਹੀ ਉਜਾਗਰ ਕਰਦੀ ਹੈ। ਗੁਰੂ ਦੀ ਬਾਣੀ ਦਸਦੀ ਹੈ—

"ਬਿਨੁ ਨਾਵੈ ਜੀਵਨੁ ਬਿਰਥਾ।"

ਜਿਸ ਨਾਮ ਤੋਂ ਬਿਨਾ ਜੀਵਨ ਬਿਰਥਾ ਹੈ, ਕਿਸੇ ਕੰਮ ਨਹੀਂ ਤਾਂ ਫਿਰ ਆਓ ਵਿਚਾਰੀਏ ਕਿ ਨਾਮ ਕੀ ਹੈ? ਕਿਥੋਂ ਮਿਲਦਾ ਹੈ? ਇਸ ਦੀ ਪ੍ਰਾਪਤੀ ਵਾਸਤੇ ਕੀ ਉਪਰਾਲੇ ਕਰਨੇ ਚਾਹੀਦੇ ਹਨ? ਨਾਮ ਸਿਮਰਨ ਦੇ ਕੀ ਲਾਭ ਹਨ ਅਤੇ ਜਿਹੜੇ ਨਾਮ ਨਹੀਂ ਜਪਦੇ ਉਨ੍ਹਾਂ ਦਾ ਕੀ ਹਸ਼ਰ ਹੁੰਦਾ ਹੈ?

**(ੳ) ਨਾਮ ਕੀ ਹੈ?**—ਨਾਮ ਉਹ ਸ਼ਬਦ ਹੈ ਜਿਸ ਦੁਆਰਾ ਸਿਰਜਨਹਾਰ ਪ੍ਰਭੂ ਨੂੰ ਯਾਦ ਕੀਤਾ ਜਾਂਦਾ ਹੈ।

**(ਅ) ਨਾਮ ਕਿੱਥੋਂ ਮਿਲਦਾ ਹੈ:**—ਨਾਮ ਗੁਰੂ ਦੇ ਦੁਆਰਿਉਂ ਮਿਲਦਾ ਹੈ

**(ੲ) ਨਾਮ ਦੀ ਪ੍ਰਾਪਤੀ ਵਾਸਤੇ ਕੀ ਉਪਰਾਲੇ ਕਰਨੇ ਚਾਹੀਦੇ ਹਨ?**:—ਨਾਮ ਦੀ ਪ੍ਰਾਪਤੀ ਵਾਸਤੇ ਗੁਰੂ ਅਗੇ ਅਰਜੋਈ ਅਥਵਾ ਅਰਦਾਸ ਕਰਨੀ ਚਾਹੀਦੀ ਹੈ, ਹੰਕਾਰ ਨੂੰ ਤਿਆਗ ਕੇ, ਨਿਮਾਣੇ ਬਣ ਕੇ, ਗਲ ਪੱਲਾ ਪਾਕੇ, ਦੋਏ ਹੱਥ ਜੋੜ, ਅੰਤਰ ਧਿਆਨ ਹੋ ਕੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਅਗੇ ਅਰਦਾਸ ਕਰੀਏ। ਸਤਿਗੁਰੂ ਜੀ ਅੱਗੇ ਡਹਿ ਪਈਏ। ਪਰੇਮ ਵਿਚ ਆ ਕੇ 'ਹੁਕਮਨਾਮਾ' ਲਈਏ। ਹੁਕਮਨਾਮੇ ਨੂੰ ਲਿਖ ਕੇ ਰਖ ਦਿਓ, ਹਿਰਦੇ ਵਿਚ ਵਸਾ ਲਓ। ਸਮਝੋ ਅਤੇ ਅਮਲ ਸ਼ੁਰੂ ਕਰ ਦਿਓ। ਗੁਰੂ ਦੀ ਸਿਖਿਆ ਨੂੰ ਗ੍ਰਹਿਣ ਕਰਨ ਲਈ ਸੁਰਤੀ ਨੂੰ ਗੁਰ-ਸ਼ਬਦ ਵਿਚ ਟਿਕਾਓ। ਗੁਰੂ ਦੀ ਬਾਣੀ ਪੜ੍ਹੋ, ਸੁਣੋ, ਗਾਓ ਅਤੇ ਮਨ ਵਸਾਓ। ਗੁਰੂ ਦੀ ਬਾਣੀ ਦਾ ਭਾਉ (ਪਿਆਰ) ਪੈਦਾ ਕਰੋ। ਅਕਾਲ ਪੁਰਖ ਦਾ ਭੈ (ਡਰ-ਕੂੜ ਕੁਸੱਤ ਤੋਂ ਬਚੇ ਰਹਿਣ ਲਈ) ਰੱਖੋ। ਪਿਆਰ ਸਹਿਤ ਗੁਰੂ ਦੀ ਬਾਣੀ ਪੜ੍ਹੋ, ਸੁਣੋ ਅਤੇ ਕੀਰਤਨ ਕਰੋ। ਗੁਰ-ਬਾਣੀ ਰਾਹੀਂ ਦਸੇ ਗਏ ਗੁਰ-ਹੁਕਮਾਂ ਦੀ ਪਾਲਣਾ ਕਰੋ। ਆਪਣੇ ਜੀਵਨ ਨੂੰ ਗੁਰ ਹੁਕਮਾਂ ਅਨੁਸਾਰ ਢਾਲੋ। ਸਾਧ ਸੰਗਤ ਵਿਚ ਜਾਓ, ਕਥਾ ਕੀਰਤਨ ਸੁਣੋ, ਸੇਵਾ ਕਰੋ ਅਤੇ ਗੁਰ-ਸ਼ਬਦ ਵਿਚ ਬਿਰਤੀ ਟਿਕਾਓ। ਮਨ ਨੂੰ ਕਾਮ, ਕਰੋਧ, ਲੋਭ, ਮੋਹ ਅਤੇ ਹੰਕਾਰ ਦੇ ਕੂੜਾਵੇ ਰਸਾਂ ਵਿਚ ਖੱਚਤ ਹੋਣ ਤੋਂ ਰੋਕੋ। ਮਨ ਨੂੰ ਕਾਬੂ ਵਿਚ ਰਖਣ ਲਈ ਗੁਰਬਾਣੀ ਪੜ੍ਹੋ, ਸੁਣੋ ਅਤੇ ਗਾਓ, ਸਾਧ ਸੰਗਤ ਦੀ ਸੇਵਾ ਵਿਚ ਜੁਟੋ। ਗੁਰਮਤਿ ਸਾਹਿਤ ਪੜ੍ਹੋ, ਪਿਉ ਦਾਦੇ ਦੇ ਖਜ਼ਾਨੇ ਨੂੰ ਖੋਲ੍ਹੋ, ਪੜ੍ਹੋ ਸਮਝੋ ਅਤੇ ਅਮਲ ਕਰੋ, ਸੱਚਾ ਤੇ ਸੁੱਚਾ ਜੀਵਨ ਬਣਾਓ। ਆਪਣੇ ਆਪ ਨੂੰ ਸੱਚੇ ਆਚਰਨ ਵਿਚ ਢਾਲੋ।

ਨਾਮ ਦੀ ਪ੍ਰਾਪਤੀ ਵਾਸਤੇ ਤਿਆਰੀ ਕਰੋ। ਪੰਜ



www.AKJ.Org

ਕਕਾਰੀ ਰਹਿਤ ਧਾਰਨ ਕਰੋ, ਨਿਤਨੇਮ ਦੀਆਂ ਬਾਣੀਆਂ ਕੰਠ ਕਰੋ ਅਤੇ ਬਿਨਾ ਨਾਗਾ ਨਿੱਤਨੇਮ ਦਾ ਪਾਠ ਕਰੋ। ਸਤ ਸੰਗਤ ਵਿਚ ਹਾਜ਼ਰੀ ਭਰੋ। ਗੁਰੂ ਘਰ ਦੇ ਸੱਚੇ ਸੇਵਕ ਬਣੋ। ਤਨੋ, ਮਨੋ, ਧਨੋ, ਦਿਲ ਲਾਕੇ ਸੇਵਾ ਕਰੋ, ਸਭ ਕੁਝ ਗੁਰੂ ਅਗੇ ਅਰਪਣ ਕਰਨ ਦਿਓ, ਬੇ-ਖਰੀਦ ਗੋਲੇ ਬਣ ਜਾਓ। ਗੁਰੂ ਅਗੇ ਸੀਸ ਵੇਚ ਦਿਓ। ਭਾਈ ਦਇਆ ਸਿੰਘ ਜੀ ਵਾਂਗ ਸੀਸ ਭੇਟ ਕਰ ਦਿਓ। ਜਦੋਂ ਪਪੀਹੇ ਵਾਂਗ ਹਿਰਦਾ 'ਅੰਮ੍ਰਿਤ' 'ਅੰਮ੍ਰਿਤ' ਕੂਕ ਉਠੇ ਤਾਂ ਜਾ ਹਾਜ਼ਰ ਹੋਵੇ ਅੰਮ੍ਰਿਤ ਸੰਚਾਰ ਸਮਾਗਮ ਤੇ। ਗਲ ਪੱਲਾ ਪਾ ਕੇ ਗੁਰੂ ਰੂਪ ਪੰਜਾਂ ਪਿਆਰਿਆਂ ਅਗੇ 'ਅੰਮ੍ਰਿਤ' ਲਈ ਜਾਚਨਾ ਕਰੋ। ਸਤਿਗੁਰੂ ਦੀ ਮੇਹਰ ਹੋਈ ਤਾਂ ਗੁਰੂ ਬਾਂਹ ਪਕੜਕੇ ਅੰਧ ਕੂਪ ਤੋਂ ਕੱਢ ਲਵੇਗਾ, ਅੰਮ੍ਰਿਤ-ਜਲ ਸਿੰਚ ਕੇ ਨਿਰਮਲ ਕਰ ਦੇਵੇਗਾ, ਮੁਰਦੇ ਨੂੰ ਜੀਉਂਦਾ ਕਰ ਦੇਵੇਗਾ। 'ਅੰਮ੍ਰਿਤ ਨਾਮ' ਹਿਰਦੇ ਵਿਚ ਵਸਾ ਦੇਵੇਗਾ, ਨਾਮ ਸਿਮਰਨ ਦੀ ਵਿਧੀ ਦਾ ਪਤਾ ਲਗ ਜਾਵੇਗਾ, ਜੀਵ ਗਾਡੀ ਰਾਹ ਤੇ ਪੈ ਜਾਵੇਗਾ ਜਿਉਂ ਜਿਉਂ ਨਾਮ ਦੀ ਕਮਾਈ ਕਰੋਗੇ ਤਿਉਂ ਤਿਉਂ ਚੜ੍ਹਦੀਆਂ ਕਲਾਂ ਹੋਣਗੀਆਂ, ਲਹਿਰਾਂ ਬਹਿਰਾਂ ਹੋ ਜਾਣਗੀਆਂ, ਪਰ...........

ਗੁਰਮੁਖ ਵੀਰ ! ਦੇਖਣਾ ! ਬਚਣਾ ! ਹੁਸ਼ਿਆਰ ਰਹਿਣਾ ਤਿਲ੍ਹਕਣ ਬਾਜ਼ੀ ਤੋਂ। ਹਉਮੈ ਵਿਚ ਨਾ ਫਸ ਜਾਣਾ। ਅਜਰ ਵਸਤੂ ਨੂੰ ਨਿਮਾਣੇ ਬਣ ਕੇ ਜਰਨਾ। ਆਪਣੇ ਆਪ ਨੂੰ ਦਾਸਨ ਦਾਸ ਹੀ ਸਮਝਣਾ, ਦਾਤਾ ਨਾ ਬਣ ਬੈਠਣਾ, ਸੰਤੀ ਮਹੰਤੀ ਨਾ ਸਹੇੜ ਲੈਣਾ।

## (ਸ) ਨਾਮ ਸਿਮਰਨ ਸੰਬੰਧੀ ਗੁਰ ਹੁਕਮ

(੧) ਊਠਤ ਬੈਠਤ ਸੋਵਤ ਨਾਮ,
ਕਹੁ ਨਾਨਕ ਜਨ ਕੈ ਸਦ ਕਾਮ ॥
(ਗਉੜੀ ਸੁਖਮਨੀ ਮ: ੫)

(੨) ਬਾਰੰਬਾਰ ਬਾਰ ਪ੍ਰਭੁ ਜਪੀਐ,
ਪੀ ਅੰਮ੍ਰਿਤ ਇਹੁ ਮਨੁ ਤਨੁ ਧ੍ਰਪੀਐ ॥
(ਗਉੜੀ ਸੁਖਮਨੀ ਮ: ੫)

(੩) ਸਾਸਿ ਸਾਸਿ ਸਿਮਰਹੁ ਗੋਬਿੰਦ,
ਮਨ ਅੰਤਰ ਕੀ ਉਤਰੈ ਚਿੰਦ ॥
(ਗਉੜੀ ਸੁਖਮਨੀ ਮ: ੫)

(੪) ਨਿਤ ਜਪੀਐ ਸਾਸਿ ਗਿਰਾਸਿ ਨਾਉ
ਪਰਵਦਿਗਾਰ ਦਾ ॥
(ਮ: ੫: ਵਾਰ ਗੂਜਰੀ)

(੫) ਸੋ ਪ੍ਰਭੁ ਨੇਰੈ ਹੂ ਤੇ ਨੇਰੈ,
ਸਿਮਰਿ ਧਿਆਇ ਗਾਇ ਗੁਨ ਗੋਬਿੰਦ,
ਦਿਨ ਰੈਨਿ ਸਾਝ ਸਵੇਰੈ।
(ਦੇਵਗੰਧਾਰੀ ਮ: ੫)

(੬) ਤਜਿ ਮਾਨੁ ਮੋਹ ਵਿਕਾਰ ਸਗਲੇ
ਪ੍ਰਭੂ ਕੈ ਮਨ ਭਾਈਐ।
ਬਿਨਵੰਤ ਨਾਨਕ ਦਿਨਸੁ ਰੈਣੀ,
ਸਦਾ ਹਰਿ ਹਰਿ ਧਿਆਈਐ।
(ਵਡਹੰਸ ਮ: ੫)

(੭) ਸਾਸਿ ਸਾਸਿ ਨਿਮਖ ਨਿਮਖ
ਦਿਨਸੁ ਰੈਨ ਚਿਤਾਰੇ।
ਸਾਧ ਸੰਗ ਜਪਿ ਨਿਸੰਗ,
ਮਨਿ ਨਿਧਾਨੁ ਧਾਰੇ।
(ਧਨਾਸਰੀ ਮ: ੫)

(੮) ਸਿਮਰਹੁ ਸਿਮਰਹੁ ਸਾਸਿ ਸਾਸਿ
ਮਤ ਬਿਲਮ ਕਰੇਹ।
ਛੋਡਿ ਪ੍ਰਪੰਚੁ ਪ੍ਰਭ ਸਿਉ
ਰਚਹੁ ਤਜੁ ਕੂੜੇ ਨੇਹ।
(ਬਿਲਾਵਲੁ ਮ: ੫)

(ਉਠਦਿਆਂ ਬਹਿੰਦਿਆਂ, ਸੌਂਦਿਆਂ



www.AKJ.Org

ਜਾਗਦਿਆਂ, ਸਾਸ ਗਰਾਸ, ਸਵਾਸ ਸਵਾਸ, ਦਿਨ ਰਾਤ, ਸਵੇਰੇ ਸ਼ਾਮ, ਹਰ ਵੇਲੇ, ਬਾਰ ਬਾਰ, ਨਾਮ ਜਪੋ।

(ਹ) ਨਾਮ ਸਿਮਰਨ ਦੇ ਲਾਭ :—

੧. ਪ੍ਰਭ ਕੈ ਸਿਮਰਨਿ ਗਰਭਿ ਨ ਬਸੈ।
ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ।
ਪ੍ਰਭ ਕੈ ਸਿਮਰਨਿ ਕਾਲੁ ਪਰਹਰੈ।
ਪ੍ਰਭ ਕੈ ਸਿਮਰਨਿ ਦੁਸਮਨੁ ਟਰੈ।
ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ।
ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ।
ਪ੍ਰਭ ਕੈ ਸਿਮਰਨਿ ਭਉ ਨ ਬਿਆਪੈ।
ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ।

... ... ...

ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉਨਿਧਿ
ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ।
ਪ੍ਰਭ ਕੈ ਸਿਮਰਨਿ ਜਪ ਤਪ ਪੂਜਾ।
ਪ੍ਰਭ ਕੈ ਸਿਮਰਨਿ ਬਿਨਸੈ ਦੂਜਾ।
ਪ੍ਰਭ ਕੈ ਸਿਮਰਨਿ ਤੀਰਥ ਇਸਨਾਨੀ।
ਪ੍ਰਭ ਕੈ ਸਿਮਰਨਿ ਦਰਗਹ ਮਾਨੀ।
ਪ੍ਰਭ ਕੈ ਸਿਮਰਨਿ ਹੋਇ ਸੁ ਭਲਾ।
ਪ੍ਰਭ ਕੈ ਸਿਮਰਨਿ ਸੁਫਲ ਫਲਾ।
ਪ੍ਰਭ ਕੈ ਸਿਮਰਨੁ ਸਭ ਤੇ ਊਚਾ।
ਪ੍ਰਭ ਕੈ ਸਿਮਰਨਿ ਉਧਰੇ ਮੂਚਾ।
ਪ੍ਰਭ ਕੈ ਸਿਮਰਨਿ ਤ੍ਰਿਸਨਾ ਬੁਝੈ।
ਪ੍ਰਭ ਕੈ ਸਿਮਰਨਿ ਸਭੁ ਕਿਛੁ ਸੁਝੈ।
ਪ੍ਰਭ ਕੈ ਸਿਮਰਨਿ ਨਾਹੀ ਜਮ ਤ੍ਰਾਸਾ।
ਪ੍ਰਭ ਕੈ ਸਿਮਰਨਿ ਪੂਰਨ ਆਸਾ।
ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ।
ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ।
ਪ੍ਰਭ ਕੈ ਸਿਮਰਨਿ ਕਾਰਜ ਪੂਰੇ।
ਪ੍ਰਭ ਕੈ ਸਿਮਰਨਿ ਕਬਹੁ ਨ ਝੂਰੇ।
ਪ੍ਰਭ ਕੈ ਸਿਮਰਨਿ ਹਰਿਗੁਨ ਬਾਨੀ।
ਪ੍ਰਭ ਕੈ ਸਿਮਰਨਿ ਸਹਜਿ ਸਮਾਨੀ।
ਪ੍ਰਭ ਕੈ ਸਿਮਰਨਿ ਨਿਹਚਲ ਆਸਨੁ।
ਪ੍ਰਭ ਕੈ ਸਿਮਰਨਿ ਕਮਲ ਬਿਗਾਸਨੁ।
ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ।
ਸੁਖੁ ਪ੍ਰਭ ਸਿਮਰਨ ਕਾ ਅੰਤ ਨ ਪਾਰ।

(ਗਉੜੀ ਸੁਖਮਨੀ ਮ: ੫)

(ਪ੍ਰਭੂ ਦਾ ਸਿਮਰਨ ਕਰਨ ਅਥਵਾ ਨਾਮ ਜਪਣ ਨਾਲ (ਜੀਵ) ਜਨਮ ਵਿਚ ਨਹੀਂ ਆਉਂਦਾ, (ਜੀਵ ਦਾ) ਦੁਖ ਤੇ ਜਮ (ਦਾ ਡਰ) ਦੂਰ ਹੋ ਜਾਂਦਾ ਹੈ। ਮੌਤ (ਦਾ ਭੈ) ਪਰੇ ਹਟ ਜਾਂਦਾ ਹੈ, (ਵਿਕਾਰ ਰੂਪੀ) ਦੁਸ਼ਮਨ ਟਲ ਜਾਂਦਾ ਹੈ। ਪ੍ਰਭ ਨੂੰ ਸਿਮਰਿਆਂ ਕੋਈ ਰੁਕਾਵਟ ਨਹੀਂ ਪੈਂਦੀ (ਕਿਉਂਕਿ) ਪ੍ਰਭੂ ਦਾ ਸਿਮਰਨ ਕਰਨ ਨਾਲ (ਮਨੁੱਖ) ਹਰ ਵੇਲੇ (ਵਿਕਾਰਾਂ ਵਲੋਂ) ਸੁਚੇਤ ਰਹਿੰਦਾ ਹੈ। ਪ੍ਰਭੂ ਦਾ ਸਿਮਰਨ ਕਰਨ ਨਾਲ (ਕੋਈ) ਡਰ (ਜੀਵ ਉਤੇ) ਦਬਾਉ ਨਹੀਂ ਪਾ ਸਕਦਾ ਤੇ ਕੋਈ ਦੁੱਖ ਸਤਾ ਨਹੀਂ ਸਕਦਾ।)

(ਪ੍ਰਭੂ ਦੇ ਸਿਮਰਨ ਵਿਚ (ਹੀ) ਸਾਰੀਆਂ ਰਿਧੀਆਂ ਸਿਧੀਆਂ ਅਤੇ ਨੌ ਖਜ਼ਾਨੇ ਹਨ, ਪ੍ਰਭ-ਸਿਮਰਨ ਵਿਚ ਹੀ ਗਿਆਨ, ਸੁਰਤਿ ਦਾ ਟਿਕਾਉ ਤੇ ਜਗਤ ਦੇ ਮੂਲ (ਪ੍ਰਭੂ) ਦੀ ਸਮਝ ਵਾਲੀ ਬੁਧੀ ਹੈ, ਪ੍ਰਭੂ ਦੇ ਸਿਮਰਨ ਵਿਚ ਹੀ (ਸਾਰੇ) ਜਾਪ ਤਾਪ ਤੇ (ਦੇਵ) ਪੂਜਾ ਹਨ, (ਕਿਉਂਕਿ) ਸਿਮਰਨ ਕਰਨ ਨਾਲ ਪ੍ਰਭੂ ਤੋਂ ਬਿਨਾਂ ਕਿਸੇ ਹੋਰ ਉਸ ਵਰਗੀ ਹਸਤੀ ਦੀ ਹੋਂਦ ਦਾ ਖਿਆਲ ਹੀ ਦੂਰ ਹੋ ਜਾਂਦਾ ਹੈ। ਪ੍ਰਭੂ ਸਿਮਰਨ ਦੁਆਰਾ (ਆਤਮ) ਤੀਰਥ ਦਾ ਇਸ਼ਨਾਨ ਕਰਨ ਵਾਲਾ ਹੋ ਜਾਈਦਾ ਹੈ ਤੇ ਦਰਗਾਹ ਵਿਚ ਇੱਜ਼ਤ ਮਿਲਦੀ ਹੈ, ਜਗਤ ਵਿਚ ਜੋ ਹੋ ਰਿਹਾ ਹੈ



www.AKJ.Org

ਭਲਾ ਪ੍ਰਤੀਤ ਹੁੰਦਾ ਹੈ ਤੇ (ਮਨੁੱਖ ਜਨਮ ਦਾ) ਉੱਚਾ ਮਨੋਰਥ ਸਿੱਧ ਹੋ ਜਾਂਦਾ ਹੈ।

(ਪ੍ਰਭੂ ਦਾ ਸਿਮਰਨ ਕਰਨਾ (ਹੋਰ) ਸਾਰੇ (ਕੰਮਾ) ਨਾਲੋਂ ਚੰਗਾ ਹੈ, ਪ੍ਰਭੂ ਦਾ ਸਿਮਰਨ ਕਰਨ ਨਾਲ ਬਹੁਤ ਸਾਰੇ (ਜੀਵ) (ਵਿਕਾਰਾਂ) ਤੋਂ ਬਚ ਜਾਂਦੇ ਹਨ। ਪ੍ਰਭੂ ਦਾ ਸਿਮਰਨ ਕਰਨ ਨਾਲ (ਮਾਇਆ ਦੀ) ਤ੍ਰਿਸ਼ਨਾ ਮਿਟ ਜਾਂਦੀ ਹੈ (ਕਿਉਂਕਿ ਮਾਇਆ ਦੇ) ਹਰੇਕ (ਹੇਰ ਫੇਰ) ਦੀ ਸਮਝ ਪੈ ਜਾਂਦੀ ਹੈ। ਪ੍ਰਭੂ ਦਾ ਸਿਮਰਨ ਕਰਨ ਨਾਲ ਜਮਾਂ ਦਾ ਡਰ ਮੁੱਕ ਜਾਂਦਾ ਹੈ, ਤੇ, (ਜੀਵ ਦੀ) ਆਸ ਪੂਰਨ ਹੋ ਜਾਂਦੀ ਹੈ। ਪ੍ਰਭੂ ਦਾ ਸਿਮਰਨ ਕੀਤਿਆਂ ਮਨ ਦੀ (ਵਿਕਾਰਾਂ ਦੀ) ਮੈਲ ਦੂਰ ਹੋ ਜਾਂਦੀ ਹੈ ਅਤੇ ਮਨੁੱਖ ਦੇ ਹਿਰਦੇ ਵਿਚ (ਪ੍ਰਭੂ ਦਾ) ਅਮਰ ਕਰਨ ਵਾਲਾ ਨਾਮ ਟਿਕ ਜਾਂਦਾ ਹੈ।)

ਪ੍ਰਭੂ ਦਾ ਸਿਮਰਨ ਕਰਨ ਨਾਲ ਮਨੁੱਖ ਦੇ (ਸਾਰੇ) ਕੰਮ ਪੂਰੇ ਹੋ ਜਾਂਦੇ ਹਨ (ਭਾਵ ਉਹ ਲੋੜਾਂ ਦੇ ਅਧੀਨ ਨਹੀਂ ਰਹਿੰਦਾ) ਅਤੇ ਕਦੇ ਚਿੰਤਾ ਦੇ ਵਸ ਨਹੀਂ ਹੁੰਦਾ। ਪ੍ਰਭੂ ਦਾ ਸਿਮਰਨ ਕਰਨ ਨਾਲ ਮਨੁੱਖ ਅਕਾਲ ਪੁਰਖ ਦੇ ਗੁਣ ਹੀ ਉਚਰਦਾ ਹੈ (ਭਾਵ, ਉਸ ਨੂੰ ਸਿਫਤ ਸਾਲਾਹ ਦੀ ਆਦਤ ਪੈ ਜਾਂਦੀ ਹੈ) ਅਤੇ ਸਹਜ ਅਵਸਥਾ ਵਿਚ ਟਿਕਿਆ ਰਹਿੰਦਾ ਹੈ। ਪ੍ਰਭੂ ਦਾ ਸਿਮਰਨ ਕਰਨ ਨਾਲ ਮਨੁੱਖ ਦਾ (ਮਨ ਰੂਪੀ) ਆਸਣ ਡੋਲਦਾ ਨਹੀਂ ਅਤੇ ਉਸ ਦੇ (ਹਿਰਦੇ ਦਾ) ਕਉਲ ਫੂਲ ਖਿੜਿਆ ਰਹਿੰਦਾ ਹੈ। ਪ੍ਰਭੂ ਦਾ ਸਿਮਰਨ ਕਰਨ ਨਾਲ (ਮਨੁੱਖ ਦੇ ਅੰਦਰ) ਇਕ-ਰਸ ਸੰਗੀਤ (ਜਿਹਾ) ਹੁੰਦਾ ਰਹਿੰਦਾ ਹੈ, (ਭਾਵ) ਪ੍ਰਭੂ ਦੇ ਸਿਮਰਨ ਤੋਂ ਜੋ ਸੁਖ (ਉਪਜਦਾ) ਹੈ ਉਹ ਕਦੇ ਮੁਕਦਾ ਨਹੀਂ।)

੨. ਜਾਸੁ ਜਪਤ ਭਉ ਅਪਦਾ ਜਾਇ।
ਧਾਵਤ ਮਨੂਆ ਆਵੈ ਠਾਇ।
ਜਾਸੁ ਜਪਤ ਫਿਰਿ ਦੂਖੁ ਨ ਲਾਗੈ।
ਜਾਸੁ ਜਪਤ ਇਹ ਹਉਮੈ ਭਾਗੈ।
ਜਾਸੁ ਜਪਤ ਵਸਿ ਆਵਹਿ ਪੰਚਾ।
ਜਾਸੁ ਜਪਤ ਰਿਦੈ ਅੰਮ੍ਰਿਤ ਸੰਚਾ।
ਜਾਸੁ ਜਪਤ ਇਹ ਤ੍ਰਿਸਨਾ ਬੁਝੈ।
ਜਾਸੁ ਜਪਤ ਹਰਿ ਦਰਗਾਹ ਸਿਝੈ।
ਜਾਸੁ ਜਪਤ ਕੋਟਿ ਮਿਟਹਿ ਅਪ੍ਰਾਧ।
ਜਾਸੁ ਜਪਤ ਹਰਿ ਹੋਵਹਿ ਸਾਧ।
ਜਾਸੁ ਜਪਤ ਮਨੁ ਸੀਤਲ ਹੋਵੈ।
ਜਾਸੁ ਜਪਤ ਮਲੁ ਸਗਲੀ ਖੋਵੈ।
ਜਾਸੁ ਜਪਤ ਰਤਨੁ ਹਰਿ ਮਿਲੈ।
ਬਹੁਰਿ ਨ ਛੋਡੈ ਹਰਿ ਸੰਗਿ ਹਿਲੈ।
ਜਾਸੁ ਜਪਤ ਕਈ ਬੈਕੁੰਠ ਵਾਸੁ।
ਜਾਸੁ ਜਪਤ ਸੁਖ ਸਹਿਜ ਨਿਵਾਸੁ।
ਜਾਸੁ ਜਪਤ ਇਹ ਅਗਨਿ ਨ ਪੋਹਤ।
ਜਾਸੁ ਜਪਤ ਇਹੁ ਕਾਲੁ ਨਾ ਜੋਹਤ।
ਜਾਸੁ ਜਪਤ ਤੇਰਾ ਨਿਰਮਲ ਮਾਥਾ।
ਜਾਸੁ ਜਪਤ ਸਗਲਾ ਦੂਖੁ ਲਾਥਾ।
ਜਾਸੁ ਜਪਤ ਮੁਸਕਲ ਕਛੂ ਨ ਬਨੈ।
ਜਾਸੁ ਜਪਤ ਸੁਣਿ ਅਨਹਤ ਧੁਨੈ।
ਜਾਸੁ ਜਪਤ ਇਹ ਨਿਰਮਲ ਸੋਇ।
ਜਾਸੁ ਜਪਤ ਕਮਲੁ ਸੀਧਾ ਹੋਇ।

(ਗਉੜੀ ਮ: ੫)

(ਨਾਮ ਜਪਣ ਨਾਲ ਡਰ ਭਉ ਅਪਦਾ ਦੂਰ ਹੋ ਜਾਂਦੀ ਹੈ ਅਤੇ ਇਕ ਥਾਂ ਨਾ ਰਹਿਣ ਵਾਲਾ, ਦਿਸ਼ਾਂ ਵਲ ਦੌੜਨ ਵਾਲਾ ਮਨ ਟਿਕਾਣੇ ਸਿਰ ਆ ਜਾਂਦਾ ਹੈ। ਨਾਮ ਜਪਣ ਕਰਕੇ ਫੇਰ ਕੋਈ ਦੁਖ ਨਹੀਂ ਲਗਦਾ। ਨਾਮ ਜਪਣ ਕਰਕੇ ਹਉਮੈ ਦਾ ਰੋਗ ਭੀ ਨਸ ਭਜ ਜਾਂਦਾ ਹੈ। ਨਾਮ ਦੇ ਜਪਣ ਕਰਕੇ ਪੰਚ ਦੂਤ ਕਾਮ, ਕਰੋਧ, ਲੋਭ, ਮੋਹ, ਅਹੰਕਾਰ, ਵਸ ਵਿਚ ਹੋ ਜਾਂਦੇ ਹਨ।



www.AKJ.Org

ਨਾਮ ਜਪਣ ਕਰਕੇ ਹਿਰਦੇ ਘਟ ਅੰਦਰ ਅੰਮ੍ਰਿਤ ਰਸ ਦਾ ਸੰਚਾਰ ਹੁੰਦਾ ਹੈ, ਨਾਮ ਜਪਣ ਨਾਲ ਤ੍ਰਿਸ਼ਨਾ ਰੋਗ ਦੂਰ ਹੋ ਜਾਂਦਾ ਹੈ । ਨਾਮ ਦੇ ਜਪਣ ਕਰਕੇ ਸਚੀ ਦਰਗਾਹ ਵਿਖੇ ਸਿਝੀਦਾ ਹੈ । ਨਾਮ ਜਪਣ ਨਾਲ ਕਰੋੜਾਂ ਅਪਰਾਧ ਮਿਟ ਜਾਂਦੇ ਹਨ, ਨਾਮ ਜਪਣ ਕਰਕੇ ਸਚੇ ਸਾਧ ਹੋ ਜਾਈਦਾ ਹੈ । ਨਾਮ ਜਪਣ ਨਾਲ ਮਨ ਸੀਤਲ ਸਤਿ ਹੋ ਜਾਂਦਾ ਹੈ, ਨਾਮ ਜਪਣ ਨਾਲ ਜਨਮ ਮਰਨ ਦੀ ਮੈਲ ਕਟੀ ਜਾਂਦੀ ਹੈ ਅਤੇ ਹਰਿ ਹਰਿ ਹੀਰਾ ਰਤਨ ਜੋਤਿ ਪ੍ਰਕਾਸ਼ ਦੇ ਪ੍ਰਤੱਖ ਦਰਸ਼ਨ ਹੋ ਜਾਂਦੇ ਹਨ ਅਤੇ ਜੋਤਿ ਰਸ ਵਿਗਾਸ ਦੀ ਬਿਵਸਥਾ ਪ੍ਰਾਪਤ ਹੋ ਜਾਣ ਤੇ ਭੀ ਨਾਮ ਦਾ ਅਜਪਾ ਜਾਪ ਨਹੀਂ ਛੁਟਦਾ । ਨਾਮ ਜਪਣ ਕਰਕੇ ਹਰੀ ਪ੍ਰਮਾਤਮਾ ਨਾਲ ਮੇਲ ਹੋ ਜਾਂਦਾ ਹੈ । ਨਾਮ ਜਪਣ ਕਰਕੇ ਕਰੋੜਾਂ ਬੈਕੁੰਠਾਂ ਦੇ ਵਾਸ ਦਾ ਸੁਖ ਪ੍ਰਾਪਤ ਹੁੰਦਾ ਹੈ, ਨਾਮ ਜਪਣ ਕਰਕੇ ਸੁਖ ਸਹਿਜ ਪਦ ਵਿਖੇ ਨਿਵਾਸ ਹੋ ਜਾਂਦਾ ਹੈ, ਨਾਮ ਜਪਣ ਕਾਰਨ ਜਨਮ ਮਰਨ ਜਠਰਾਗਨ, ਭੈ ਸਾਗਰੀ ਅਗਨੀ ਨਹੀਂ ਪੋਹੰਦੀ । ਨਾਮ ਦੇ ਜਪਣ ਨਾਲ ਕਾਲ ਨਹੀਂ ਜੋਹ ਸਕਦਾ । ਨਾਮ ਦੇ ਜਪਣ ਨਾਲ ਭਜਨੀਕ ਦਾ ਮੁਖ ਮਸਤਕ ਨੂਰ ਉਜਾਲਾ ਹੋ ਜਾਂਦਾ ਹੈ, ਨਾਮ ਜਪਣ ਕਰਕੇ ਸਾਰੇ ਦੁਖਾਂ ਦਾ ਨਾਸ ਹੋ ਜਾਂਦਾ ਹੈ । ਨਾਮ ਜਪਣ ਕਰਕੇ ਮੁਸ਼ਕਲਾਂ ਨਹੀਂ ਪੈਂਦੀਆਂ । ਨਾਮ ਜਪਣ ਕਰਕੇ ਦਸਮ ਦੁਆਰ ਦੀਆਂ ਅਨਹਦ ਧੁਨੀਆਂ ਸੁਣਾਈ ਦਿੰਦੀਆਂ ਹਨ । ਨਾਮ ਦੇ ਜਪਣ ਕਰਕੇ ਇਹ ਸੰਸਾਰਿਕ ਸੋਇ ਸੋਭਾ ਭੀ ਨਿਰਮਲ ਹੋ ਆਉਂਦੀ ਹੈ । ਨਾਮ ਜਪਣ ਨਾਲ ਨਾਭ ਕੰਵਲ ਮੂਧਿਓ ਸਿੱਧਾ ਹੋ ਜਾਂਦਾ ਹੈ ।)

੩. ਨਾਮੁ ਲੈਤ ਦੁਖੁ ਦੂਰਿ ਪਰਾਨਾ ।<br>
ਨਾਮੁ ਲੈਤ ਅਤਿ ਮੂੜ ਸੁਗਿਆਨਾ ।<br>
ਨਾਮੁ ਲੈਤ ਪ੍ਰਗਟ ਉਜੀਆਰਾ ।<br>
ਨਾਮ ਲੈਤ ਛੁਟੇ ਜੰਜਾਰਾ ।<br>
ਨਾਮ ਲੈਤ ਜਮ ਨੇੜ ਨ ਆਵੈ ।<br>
ਨਾਮ ਲੈਤ ਦਰਗਹ ਸੁਖੁ ਪਾਵੈ ।<br>
ਨਾਮ ਲੈਤ ਪ੍ਰਭ ਕਹੈ ਸਾਬਾਸਿ ।<br>
ਨਾਮ ਹਮਾਰੀ ਸਾਚੀ ਰਾਸਿ ।

... ... ...

ਨਾਮ ਲੈਤੁ ਕਿਛੁ ਬਿਘਨੁ ਨ ਲਾਗੈ ।<br>
ਨਾਮੁ ਸੁਨਤ ਜਮੁ ਦੂਰਹੁ ਭਾਗੈ ।<br>
ਨਾਮ ਲੈਤ ਸਭ ਦੂਖਹ ਨਾਸੁ ।<br>
ਨਾਮ ਜਪਤ ਹਰਿ ਚਰਣ ਨਿਵਾਸ ।<br>
(ਭੈਰਉ ਮ: ੫)

(ਨਾਮ ਜਪਣ ਨਾਲ ਦੁਖ ਦੂਰ ਹੋ ਜਾਂਦੇ ਹਨ, ਮਹਾਂ ਮੂਰਖ ਭੀ ਗਿਆਨੀ ਹੋ ਜਾਂਦਾ ਹੈ, ਨਾਮ ਜਪਣ ਨਾਲ ਸਾਰੇ ਲੋਕੀਂ ਉਸ ਨੂੰ ਜਾਨਣ ਲਗ ਜਾਂਦੇ ਹਨ ਅਤੇ (ਮਾਇਆ ਦੇ) ਜੰਜਾਲ ਛੁਟ ਜਾਂਦੇ ਹਨ । ਨਾਮ ਜਪਣ ਨਾਲ ਜਮ ਨੇੜੇ ਨਹੀਂ ਆਉਂਦਾ ਅਤੇ ਦਰਗਾਹ ਵਿਚ ਸੁੱਖ ਮਿਲਦਾ ਹੈ । ਨਾਮ ਜਪਣ ਕਰਕੇ ਪ੍ਰਭੂ ਸ਼ਾਬਾਸ਼ ਦਿਦਾ ਹੈ । ਨਾਮ ਸਾਡੀ ਸੱਚੀ ਰਾਸਿ ਹੈ ।)

(ਨਾਮ ਜਪਣ ਨਾਲ ਕੋਈ ਬਿਘਨ ਨਹੀਂ ਪੈਂਦਾ ਅਤੇ (ਪ੍ਰਭੂ ਦਾ) ਨਾਮ ਸੁਣ ਕੇ ਜਮ ਦੂਰੋਂ ਹੀ ਨੱਠ ਜਾਂਦਾ ਹੈ ਅਤੇ ਵਾਹੁਗੁਰ ਦੇ ਚਰਨਾਂ ਵਿਚ ਨਿਵਾਸ ਮਿਲਦਾ ਹੈ ।)

**(ਕ) ਨਾਮ-ਹੀਣ ਅਤੇ ਜੋ ਨਾਮ ਨਹੀਂ ਜਪਦੇ, ਉਹਨਾਂ ਦਾ ਨਕਸ਼ਾ ਅਤੇ ਹਸ਼ਰ :—**

੧. ਦੁਲਭ ਦੇਹ ਪਾਈ ਵਡਭਾਗੀ ।<br>
ਨਾਮੁ ਨ ਜਪਹਿ ਤੇ ਆਤਮਘਾਤੀ ।<br>
ਮਰਿ ਨ ਜਾਹੀ ਜਿਨਾ ਬਿਸਰਤ ਨਾਮ ।<br>
ਨਾਮ ਬਿਹੂਨ ਜੀਵਨ ਕਉਨ ਕਾਮ ।<br>
ਖਾਤ ਪੀਤ ਖੇਲਤ ਹਸਤ ਬਿਸਥਾਰ ।<br>
ਕਵਨ ਅਰਥ ਮਿਰਤਕ ਸੀਗਾਰ ।



www.AKJ.Org

ਜੋ ਨ ਸੁਨਹਿ ਜਸੁ ਪਰਮਾਨੰਦਾ ।
ਪਸ ਪੰਖੀ ਤ੍ਰਿਗਦ ਜੋਨਿ ਤੇ ਮੰਦਾ ।

(ਗਉੜੀ ਮ: ੫)

(ਵਡੇ ਭਾਗਾਂ ਕਰਕੇ (ਮਨੁੱਖਾ) ਦੁਰਲਭ ਦੇਹ ਪਾਈਦੀ ਹੈ । ਇਸ ਦੇਹੀ ਨੂੰ ਪਾਕੇ ਜਿਹੜੇ ਨਾਮ ਨਹੀਂ ਜਪਦੇ ਉਹ ਆਤਮ-ਹਤਿਆਰੇ ਹਨ । ਉਹ ਮਰ ਕਿਉਂ ਨਹੀਂ ਜਾਂਦੇ ਜਿਨ੍ਹਾਂ ਪ੍ਰਭੂ ਨੂੰ ਵਿਸਾਰਿਆ ਹੈ । ਨਾਮ ਜਪਣ ਤੋਂ ਬਿਨਾਂ ਜੀਵਨ ਕਿਸ ਕੰਮ ਹੈ ? ਮਨੁੱਖ ਬੜੇ ਵਿਸਥਾਰ ਨਾਲ ਖਾਂਦਾ ਪੀਂਦਾ,ਖੇਡਦਾ, ਸ਼ਿੰਗਾਰ ਕਰਦਾ ਅਤੇ ਹਸਦਾ ਹੈ । ਮੁਰਦੇ ਨੂੰ ਸ਼ਿੰਗਾਰਨ ਅਨੁਸਾਰ ਉਹ ਕਿਸ ਅਰਥ ਹਨ ? ਜਿਹੜੇ ਪ੍ਰਭੂ ਦਾ ਜਸ ਨਹੀਂ ਸੁਣਦੇ ਉਹ ਪਸ਼ੂਆਂ, ਪੰਛੀਆਂ, ਸਪ ਆਦਿ ਟੇਢੀਆਂ ਜੂਨਾਂ ਤੋਂ ਭੀ ਮੰਦੇ ਹਨ ।)

੨. ਬਿਨੁ ਸਿਮਰਨ ਜੈਸੇ ਸਰਪ ਆਰਜਾਰੀ,
ਤਿਉ ਜੀਵਹਿ ਸਾਕਤ ਨਾਮ ਬਿਸਾਰੀ ।
... ... ...
ਬਿਨ ਸਿਮਰਨ ਧ੍ਰਿਗ ਕਰਮ ਕਰਾਸ ।
ਕਾਗ ਬਤਨ ਬਿਸਟਾ ਮਹਿ ਵਾਸ ।
ਬਿਨ ਸਿਮਰਨ ਭਏ ਕੂਕਰ ਕਾਮ ।
ਸਾਕਤ ਬੇਸੁਆ ਪੂਤ ਨਿਨਾਮ ।
ਬਿਨ ਸਿਮਰਨ ਜੈਸੇ ਸੀਙ ਛਤਾਰਾ ।
ਬੋਲਹਿ ਕੂਰੁ ਸਾਕਤ ਮੁਖੁ ਕਾਰਾ ।
ਬਿਨ ਸਿਮਰਨ ਗਰਧਭ ਕੀ ਨਿਆਈ ।
ਸਾਕਤ ਥਾਨ ਭਰਿਸਟ ਫਿਰਾਹੀ ।
ਬਿਨ ਸਿਮਰਨ ਕੂਕਰ ਹਰਕਾਇਆ ।
ਸਾਕਤ ਲੋਭੀ ਬੰਧੁ ਨ ਪਾਇਆ ।
ਬਿਨ ਸਿਮਰਨ ਹੈ ਆਤਮਘਾਤੀ ।
ਸਾਕਤ ਨੀਚ ਤਿਸੁ ਕੁਲੁ ਨਹੀ ਜਾਤੀ ।

(ਗਉੜੀ ਮ: ੫)

(ਬਿਨਾ ਸਿਮਰਨ ਤੋਂ ਜਿਵੇਂ ਸੱਪ ਸਾਰੀ ਉਮਰ ਜ਼ਹਿਰ ਨਾਲ ਸੜਦਾ ਰਹਿੰਦਾ ਹੈ, ਤਿਵੇਂ ਹੀ ਨਾਮ ਨੂੰ ਵਿਸਾਰ ਕੇ ਸਾਕਤ ਆਦਮੀ ਜੀਉਂਦੇ ਹਨ ।)

(ਨਾਮ ਸਿਮਰਨ ਬਿਨਾਂ ਹੋਰ ਕਰਮਾਂ ਦੇ ਕਰਨ ਨੂੰ ਧਿਰਕਾਰ ਹੈ, ਜਿਵੇਂ ਕਾਂ ਦਾ ਵਿਸ਼ਟਾ ਦੇ ਥਾਂ ਵਾਸ ਹੁੰਦਾ ਹੈ । ਸਿਮਰਨ ਤੋਂ ਬਿਨਾਂ ਆਦਮੀਆਂ ਤੋਂ ਕੁਤਿਆਂ ਵਰਗੇ ਕੰਮ ਹੁੰਦੇ ਹਨ । ਸਾਕਤ ਵੇਸਵਾ ਦੇ ਪੁੱਤ ਬਰਾਬਰ ਨਾਮ ਤੋਂ ਬਿਨਾਂ ਹੈ । ਸਿਮਰਨ ਤੋਂ ਬਿਨਾਂ ਜਨਮ ਇਸ ਤਰ੍ਹਾਂ ਬਿਅਰਥ ਹੈ ਜਿਵੇਂ ਛਤੇ ਦੇ ਸਿੰਗ ਹੁੰਦੇ ਹਨ । ਸਾਕਤ ਝੂਠ ਬੋਲਦੇ ਹਨ ਇਸ ਲਈ ਉਨ੍ਹਾਂ ਦਾ ਮੂੰਹ ਕਾਲਾ ਹੁੰਦਾ ਹੈ, ਗੰਦੀਆਂ ਥਾਵਾਂ ਵਿਚ ਫਿਰਦਾ ਹੈ, ਬਿਨਾਂ ਸਿਮਰਨ ਤੋਂ ਆਦਮੀ ਇਸ ਤਰ੍ਹਾਂ ਦਾ ਹੈ ਜਿਵੇਂ ਹਲਕਾਇਆ ਕੁਤਾ ਹੁੰਦਾ ਹੈ । ਲੋਭੀ ਸਾਕਤ ਆਦਮੀ ਨੇ ਆਪਣੇ ਆਪ ਨੂੰ ਬੰਧਨਾ ਵਿਚ ਪਾਇਆ ਹੋਇਆ ਹੈ। ਬਿਨਾ ਸਿਮਰਨ ਤੋਂ ਆਦਮੀ ਆਤਮਘਾਤੀ ਹੈ। ਉਸ ਸਾਕਤ ਨੀਚ ਆਦਮੀ ਦੀ ਕੋਈ ਚੰਗੀ ਜਾਤੀ ਵੀ ਨਹੀਂ ਜਾਣੀ ਜਾਂਦੀ ।)

੩. ਨਾਮ ਬਿਨਾ ਜੋ ਪਹਿਰੈ ਖਾਇ ।
ਜਿਉ ਕੂਕਰੁ ਜੂਠਨ ਮਹਿ ਪਾਇ ।
ਨਾਮ ਬਿਨਾ ਜੇਤਾ ਬਿਉਹਾਰੁ,
ਜਿਉਂ ਮਿਰਤਕ ਮਿਥਿਆ ਸੀਗਾਰੁ ।
ਨਾਮੁ ਬਿਸਾਰਿ ਕਰੇ ਰਸ ਭੋਗ ।
ਸੁਖੁ ਸੁਪਨੈ ਨਹੀ ਤਨ ਮਹਿ ਰੋਗ ।
ਨਾਮੁ ਤਿਆਗਿ ਕਰੇ ਅਨ ਕਾਜ ।
ਬਿਨਸਿ ਜਾਇ ਝੂਠੇ ਸਭਿ ਪਾਜ ।
ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ,
ਕੋਟਿ ਕਰਮ ਕਰਤੋ ਨਰਕਿ ਜਾਵੈ ।
ਹਰਿ ਕਾ ਨਾਮੁ ਜਿਨਿ ਮਨਿ ਨ ਆਰਾਧਾ,
ਚੋਰ ਕੀ ਨਿਆਈ ਜਮਪੁਰਿ ਬਾਧਾ ।



www.AKJ.Org

ਲਾਖ ਅਡੰਬਰ ਬਹੁਤੁ ਬਿਸਥਾਰਾ,
ਨਾਮ ਬਿਨਾ ਝੂਠੇ ਪਾਸਾਰਾ ।

(ਗਉੜੀ ਮ: ੫)

(ਨਾਮ ਤੋਂ ਬਿਨਾ ਜੋ ਕੁਛ ਆਦਮੀ ਪਹਿਨਦਾ ਖਾਂਦਾ ਹੈ ਉਹ ਇਸ ਤਰ੍ਹਾਂ ਹੈ ਜਿਵੇਂ ਕੁੱਤਾ ਰਸੋਈ ਵਿਚ ਚਲਿਆ ਜਾਏ ਤਾਂ ਸਭ ਕੁਝ ਜੂਠਾ ਕਰ ਦਿੰਦਾ ਹੈ। ਨਾਮ ਬਿਨਾ ਜਿਤਨਾ ਵਿਹਾਰ ਹੈ ਉਹ ਇਸ ਤਰ੍ਹਾਂ ਦਾ ਹੈ ਜਿਵੇਂ ਮੁਰਦੇ ਨੂੰ ਸ਼ਿੰਗਾਰ ਕਰਨਾ ਬਿਅਰਥ ਹੈ। ਜਿਹੜਾ ਨਾਮ ਵਿਸਾਰਕੇ ਚੰਗੇ ਚੰਗੇ ਸਵਾਂਦਾ ਨੂੰ ਭੋਗਦਾ ਹੈ ਉਸ ਨੂੰ ਸੁਪਨੇ ਵਿਚ ਭੀ ਸੁਖ ਨਹੀਂ ਸਗੋਂ ਉਸ ਦੇ ਸਰੀਰ ਵਿਚ ਰੋਗ ਪੈਦਾ ਹੁੰਦੇ ਹਨ। ਜਿਹੜਾ ਨਾਮ ਨੂੰ ਛੱਡ ਕੇ ਹੋਰ ਕੰਮ ਕਰਦਾ ਹੈ ਉਸ ਦੇ ਸਾਰੇ ਹੀ ਝੂਠਿਆਂ ਪਾਖੰਡਾ ਬਰਾਬਰ ਕਾਜ ਨਾਸ ਹੋ ਜਾਂਦੇ ਹਨ। ਜਿਹੜਾ ਨਾਮ ਨਾਲ ਮਨ ਦੀ ਪ੍ਰੀਤ ਨਹੀਂ ਲਾਉਂਦਾ ਉਹ ਕਰੋੜਾਂ ਕਰਮ ਕਰਦਾ ਹੋਇਆ ਭੀ ਨਰਕ ਵਿਚ ਜਾਂਦਾ ਹੈ। ਜਿਸ ਨੇ ਪ੍ਰਭੂ ਦਾ ਨਾਮ ਮਨ ਵਿਚ ਨਹੀਂ ਅਰਾਧਿਆ ਉਹ ਆਦਮੀ ਜਮਪੁਰੀ ਨੂੰ ਚੋਰ ਵਾਂਗ ਬੱਧਾ ਹੋਇਆ ਜਾਵੇਗਾ। ਲੱਖਾਂ ਹੀ ਜਗਾਂ ਆਦਿਕ ਕਰਮਾਂ ਦਾ ਬਹੁਤ ਫੈਲਾਓ ਨਾਲ ਜਿਹੜਾ ਅਡੰਬਰ ਕਰਦਾ ਹੈ ਉਸ ਦੇ ਉਹ ਸਾਰੇ ਪਸਾਰੇ ਨਾਮ ਤੋਂ ਬਿਨਾਂ ਝੂਠੇ ਹਨ।)

੪. ਜਿਨ ਹਰਿ ਹਰਿ ਨਾਮੁ ਨ ਚੇਤਿਓ
ਸੇ ਭਾਗਹੀਣ ਮਰਿ ਜਾਇ ॥
ਓਇ ਫਿਰਿ ਫਿਰਿ ਜੋਨਿ ਭਵਾਈਅਹਿ
ਮਰਿ ਜੰਮਹਿ ਆਵੈ ਜਾਇ ॥
ਓਇ ਜਮਦਰ ਬਧੇ ਮਾਰੀਅਹਿ
ਹਰਿ ਦਰਗਹ ਮਿਲੈ ਸਜਾਇ ॥

(ਮਾਰੂ ਮ: ੪)

(ਜਿਹੜੇ ਪ੍ਰਭੂ ਦਾ ਨਾਮ ਨਹੀਂ ਜਪਦੇ ਉਹ ਮੰਦੇ ਭਾਗਾਂ ਵਾਲੇ ਮਰ ਜਾਣਗੇ। ਉਹ ਮੁੜ ਮੁੜ ਜੂਨੀਆਂ ਵਿਚ ਭੌਂਦੇ ਫਿਰਨਗੇ, ਮਰਦੇ ਜੰਮਦੇ ਰਹਿਣਗੇ। ਉਹ ਜਮਾਂ ਦੀ ਦਰਗਾਹ ਵਿਚ ਬੱਧੇ ਮਾਰ ਖਾਂਦੇ ਹਨ, ਉਨ੍ਹਾਂ ਨੂੰ ਪ੍ਰਭੂ ਦੀ ਦਰਗਾਹ ਵਿਚ ਇਵੇਂ ਹੀ ਸਜ਼ਾ ਮਿਲਦੀ ਹੈ।)

੫. ਗੁਰਮੰਤ੍ਰ ਹੀਣਸ ਜੋ ਪ੍ਰਾਣੀ
ਧ੍ਰਿਗੰਤ ਜਨਮ ਭ੍ਰਸਟਣਹ ।
ਕੂਕਰਹ, ਸੂਕਰਹ, ਗਰਧਭਹ,
ਕਾਕਹ, ਸਰਪਨਹ ਤੁਲਿ ਖਲਹ ।

(ਸਲੋਕ ਸਹਸਕਿਰਤੀ ਮ: ੫)

(ਜੋ ਪ੍ਰਾਣੀ ਗੁਰਮੰਤ੍ਰ (ਨਾਮ) ਤੋਂ ਹੀਣ ਹੈ ਉਸ ਭੈੜੀ ਬੁਧੀ ਵਾਲੇ ਦੇ ਜਨਮ ਨੂੰ ਧਿਰਕਾਰ ਹੈ। ਉਹ ਮੂਰਖ ਕੁਤਿਆਂ, ਸੂਰਾਂ, ਖੋਤਿਆਂ, ਕਾਵਾਂ, ਸਪਾਂ ਦੇ ਬਰਾਬਰ ਹੈ।)

੬. ਕੋਟਿ ਬਿਘਨ ਤਿਸੁ ਲਾਗਤੇ
ਜਿਸਨੋ ਵਿਸਰੈ ਨਾਉ ।
ਨਾਨਕ ਅਨਦਿਨੁ ਬਿਲਪਦੇ
ਜਿਉ ਸੁਞੈ ਘਰਿ ਕਾਉ ।

(ਮ: ੫, ਵਾਰ ਗੂਜਰੀ)

(ਜਿਸ ਨੂੰ (ਪ੍ਰਭੂ ਦਾ) ਨਾਮ ਵਿਸਰ ਜਾਂਦਾ ਹੈ ਉਸ ਨੂੰ ਕਰੋੜਾਂ ਹੀ ਵਿਘਣ ਲਗਦੇ ਹਨ। ਉਹ ਰਾਤ ਦਿਨੇ ਇਵੇਂ ਵਿਲਕਦੇ ਰਹਿੰਦੇ ਹਨ ਜਿਵੇ ਸੁੰਞੇ ਘਰ ਕਾਂਉਂ ਕਾਂ ਕਾਂ ਕਰਦਾ ਹੈ।)

੭. ਹਰਿਕੇ ਨਾਮ ਬਿਨਾ ਸੁੰਦਰਿ ਹੈ ਨਕਟੀ ।
ਜਿਉ ਬੇਸੁਆ ਕੇ ਘਰਿ ਪੂਤ ਜਮਤੁ ਹੈ
ਤਿਸੁ ਨਾਮੁ ਪਰਿਓ ਹੈ ਧ੍ਰਕਟੀ ॥ ਰਹਾਉ ॥
ਜਿਨਕੈ ਹਿਰਦੈ ਨਾਹਿ ਹਰਿ ਸੁਆਮੀ
ਤੇ ਬਿਗੜ ਰੂਪ ਬੇਰਕਟੀ ।
ਜਿਉ ਨਿਗੁਰਾ ਬਹੁ ਬਾਤਾ ਜਾਣੈ



www.AKJ.Org

ਓਹੁ ਹਰਿ ਦਰਗਹ ਹੈ ਭ੍ਰਸਟੀ ।

(ਦੇਵਗੰਧਾਰੀ ਮ: ੪)

(ਪ੍ਰਭੂ ਦੇ ਨਾਮ ਤੋਂ ਬਿਨਾਂ ਕੇੜਾ ਵੀ ਸੋਹਣਾ ਕਿਉਂ ਨਾ ਹੋਵੇ ਤਾਂ ਭੀ ਨਕਵਢਾ ਸਮਝੋ । ਜਿਸ ਤਰ੍ਹਾਂ ਵੇਸਵਾ ਦੇ ਘਰ ਪੁੱਤਰ ਜੰਮਦਾ ਹੈ ਤੇ ਉਸ ਦਾ ਨਾਮ ਧ੍ਰਕਟੀ (ਕਟੀ ਹੋਈ ਧਿਰ ਵਾਲਾ ਅਥਵਾ ਪਿਤਾ ਤੋਂ ਰਹਿਤ) ਪੈ ਜਾਂਦਾ ਹੈ । ਜਿਨ੍ਹਾਂ ਦੇ ਹਿਰਦੇ ਪ੍ਰਭੂ ਮਾਲਕ ਨਹੀਂ ਹੈ ਉਹ ਆਦਮੀ ਅੰਦਰੋਂ ਵਿਗੜੇ ਹੋਏ ਹਨ ਅਤੇ ਬਾਹਰੋਂ ਭੀ ਬੇਰਕਟੀ (ਕੋਹੜੇ) ਹਨ । ਜਿਸ ਤਰ੍ਹਾਂ ਨਿਗੁਰਾ ਆਦਮੀ ਬਹੁਤੀਆਂ ਗੱਲਾਂ ਜਾਣਦਾ ਹੈ ਪਰ ਉਹ ਪ੍ਰਭੂ ਦੀ ਦਰਗਾਰ ਵਿਚ ਭ੍ਰਿਸ਼ਟੀ ਹੋਈ ਬੁੱਧੀ ਵਾਲਾ ਆਖਿਆ ਜਾਂਦਾ ਹੈ ।)

੮. ਅਨਿਕ ਰਸਾ ਖਾਏ ਜੈਸੇ ਢੋਰ,
ਮੋਹ ਕੀ ਜੇਵਰੀ ਬਾਧਿਓ ਚੋਰ ॥ ੧ ॥
ਮਿਰਤਕ ਦੇਹ ਸਾਧ ਸੰਗ ਬਿਹੂਨਾ,
ਆਵਤ ਜਾਤ ਜੋਨੀ ਦੁਖ ਖੀਨਾ ॥ ਰਹਉ ॥
ਅਨਿਕ ਬਸਤ ਸੁੰਦਰ ਪਹਿਰਾਇਆ,
ਜਿਉਂ ਡਰਨਾ ਖੇਤ ਮਾਹਿ ਡਰਾਇਆ ॥ ੨ ॥
ਸਗਲ ਸਰੀਰ ਆਵਤ ਸਭ ਕਾਮ ॥
ਨਿਹਫਲ ਮਾਨੁਖੁ ਜਪੈ ਨਹੀਂ ਨਾਮ ॥ ੩ ॥

(ਗਉੜੀ ਮ: ੫)

(ਨਾਮ ਸਿਮਰਨ ਤੋਂ ਬਿਨਾਂ ਅਨੇਕਾਂ ਰਸਾ ਦਾ ਖਾਣਾ ਇਸ ਤਰ੍ਹਾਂ ਦਾ ਹੈ ਜਿਸ ਤਰ੍ਹਾਂ ਪਸ਼ੂਆਂ ਦਾ ਪਰਮੇਸ਼ਰ ਦੇ ਦਰ ਦਾ ਚੋਰ ਮੋਹ ਰੂਪ ਰੱਸੀ ਨਾਲ ਬੱਧਿਆ ਹੋਇਆ ਹੁੰਦਾ ਹੈ, ਸਾਧ ਸੰਗ ਬਿਨਾਂ ਸਰੀਰ ਮੁਰਦਾ ਹੈ । ਜੂਨੀਆਂ ਦੇ ਦੁੱਖਾਂ ਵਿਚ ਪੈਂਦਾ ਆਉਂਦਾ ਜਾਂਦਾ ਅਤੇ ਨਾਸ ਹੁੰਦਾ ਹੈ । ਅਨੇਕਾਂ ਸੁੰਦਰ ਕਪੜਿਆਂ ਨੂੰ ਪਇਆ ਹੋਇਆ ਹੈ ਪਰ ਨਾਮ ਤੋਂ ਬਿਨਾਂ ਇਸ ਤਰ੍ਹਾਂ ਦਾ ਹੈ ਜਿਵੇਂ ਖੇਤ ਵਿਚ ਜਾਨਵਰਾਂ ਨੂੰ ਡਰਾਉਣ ਵਾਸਤੇ ਡਰਨਾ ਡਰਾਇਆ ਕਰਦਾ ਹੈ । (ਪਸ਼ੂਆਂ) ਦੇ ਦੇ ਸਰੀਰ ਤਾਂ ਸਾਰਿਆਂ ਕੰਮਾਂ ਵਿਚ ਲਗ ਜਾਂਦੇ ਹਨ ਪਰ ਨਾਮ ਨਾ ਜਪਣ ਕਾਰਣ ਮਨੁੱਖ-ਸਰੀਰ ਨਿਕੰਮਾਂ ਹੀ ਜਾਂਦਾ ਹੈ ।

੯. ਨਾਮ ਬਿਨਾ ਕੁਸਟੀ ਮੋਹ ਅੰਧ ।
ਸਭ ਨਿਹਫਲ ਕਰਮ ਕੀਏ ਦੁਖੁ ਧੰਧਾ ।

(ਆਸਾ ਮ: ੪)

(ਜਿਹੜਾ ਨਾਮ ਤੋਂ ਬਿਨਾਂ ਅਤੇ ਮੋਹ ਕਰਕੇ ਅੰਨ੍ਹਾ ਹੋਇਆ ਫਿਰਦਾ ਹੈ, ਸਮਝੋ ਇਹ ਬੇਸਮਝ ਆਦਮੀ ਕੋਹੜਾ ਹੈ । ਉਸ ਨੇ ਜਿੰਨੇ ਕੰਮ ਕੀਤੇ ਹਨ ਸਾਰੇ ਨਿਸਫਲ ਹਨ । ਅਤੇ ਦੁਖ ਰੂਪ ਧੰਧਾ ਹੈ ।)

੧੦. ਦੂਖੁ ਰੋਗੁ ਸੋਗੁ ਬਿਸਰੈ ਜਬ ਨਾਮੁ ।
ਸਦਾ ਅਨੰਦੁ ਜਾ ਹਰਿ ਗੁਣਗਾਮੁ ।

(ਗਉੜੀ ਮ: ੫)

(ਜਦੋਂ ਨਾਮ ਭੁੱਲ ਜਾਵੇ ਤਾਂ ਦੁੱਖ, ਰੋਗ ਸੋਗ ਆ ਚੰਬੜਦੇ ਹਨ । ਜਦੋਂ (ਮਨੁੱਖ) ਪ੍ਰਭੂ ਦੇ ਗੁਣ ਗਾਉਂਦਾ ਹੈ ਤਾਂ ਸਦਾ ਅਨੰਦ ਵਿਚ ਰਹਿੰਦਾ ਹੈ)

੧੧. ਬਿਨੁ ਨਾਵੈ ਧ੍ਰਿਗੁ ਵਾਸੁ
ਫਿਟੁ ਸੁ ਜੀਵਿਆ ।

(ਵਾਰ ਮਾਝ ਮ: ੧)

(ਨਾਮ ਤੋਂ ਬਿਨਾਂ ਵਸਣ ਨੂੰ ਧਿਰਕਾਰ ਹੈ ਅਤੇ ਜੀਉਣ ਨੂੰ ਫਿਟੇ ਮੂੰਹ ਹੈ ।)

———



www.AKJ.Org

# ਮਹਾਂ ਕਾਲ ਕਾਲਕਾ ਆਰਾਧੀ

—ਸ: ਸੇਵਾ ਸਿੰਘ 'ਸੇਵਕ' ਤਰਨਤਾਰਨ

ਗੁਰਮਤ ਦੇ ਪ੍ਰਕਾਸ਼ਕ, ਸਿਖ ਗੁਰੂ ਸਾਹਿਬਾਂ ਵਿਚ ਧੁਰੋਂ ਵਖਸ਼ੀ ਹੋਈ ਜੋਤ ਤੇ ਜੁਗਤ ਲਗਾਤਾਰ ਤੇ ਇਕਸਾਰ ਬਸਦੀ ਸੀ। ਸੰਸਾਰ ਵਾਸੀ ਇਕ ਨਿਰੰਕਾਰ ਜੀ ਦੀ ਹਸਤੀ ਨੂੰ ਭੁਲ ਚੁਕੇ ਸਨ, ਉਸੇ ਅਕਾਲ ਜੀ ਦੀ ਆਰਾਧਨਾ ਵਿਚ ਜਗਤ-ਜੀਵਾਂ ਨੂੰ ਲਾਉਣ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਅਵਤਾਰ ਧਾਰੀ ਹੋਏ। ਉਨ੍ਹਾਂ ਵਿਚ ਸਥਾਪਤ ਰੱਬੀ ਜੋਤ, ਦਸਾਂ ਜਾਮਿਆਂ ਵਿਚ ਨਿਰੰਤਰ ਵਸ ਕੇ ਇਕੋ ਆਸ਼ੇ ਤੇ ਉਪਾਸ਼ਨਾ ਨੂੰ ਦੁਹਰਾਂਦੀ ਰਹੀ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰੂ ਅਕਾਲ ਪੁਰਖ ਸੀ। ਆਪ ਫੁਰਮਾਉਂਦੇ ਹਨ ਕਿ—

ਅਪਰੰਪਰ ਪਾਰਬ੍ਰਹਮੁ ਪਰਮੇਸਰੁ,
ਨਾਨਕ ਗੁਰ ਮਿਲਿਆ ਸੋਈ ਜੀਉ।

ਇਸੇ ਕਥਨ ਦੀ ਪੁਸ਼ਟੀ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਉਂ ਕਰਦੇ ਹਨ :—

ਆਦਿ ਅੰਤੁ ਏਕੈ ਅਵਤਾਰਾ।
ਸੋਈ ਗੁਰੂ ਸਮਝੀਅਹੁ ਹਮਾਰਾ॥

ਗੁਰੂ ਜੀ ਦਾ ਇਹ ਨਿਸਚਾ, ਉਹਨਾਂ ਦੀ ਰਚਿਤ ਬਾਣੀ ਵਿਚ ਥਾਂ ਥਾਂ ਆਉਂਦਾ ਹੈ-

ਪਾਇ ਗਹੇ ਜਬ ਤੇ ਤੁਮਰੇ,
ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ।

ਆਪ ਨੇ ਸ੍ਰੀ ਨਿਰੰਕਾਰ ਜੀ ਦੀ ਸੰਸਾਰ ਵਿਚ ਵਰਤ ਰਹੀ ਸ਼ਕਤੀ ਨੂੰ ਵੀ ਕਈ ਪੁਲਿੰਗ ਤੇ ਇਸਤਰੀ ਲਿੰਗ ਨਾਵਾਂ ਨਾਲ ਯਾਦ ਕੀਤਾ ਹੈ ਅਤੇ ਇਸ ਸ਼ਕਤੀ ਨੂੰ ਅਕਾਲ ਪੁਰਖ ਤੋਂ ਉਤਪੰਨ ਹੋਈ ਉਹਨਾਂ ਦਾ ਰੂਪ ਹੀ ਕਹਿਆ ਤੇ ਮੰਨਿਆ ਹੈ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਪਰਮਾਤਮਾ ਦੇ ਪੁਲਿੰਗ ਤੇ ਇਸਤਰੀ ਲਿੰਗ ਦੋਵੇਂ ਹੀ ਰੂਪ ਬਿਆਨ ਕੀਤੇ ਗਏ ਹਨ, ਜਿਵੇਂ-

ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ। ਜਾਂ
ਤੁਮ ਮਾਤ ਪਿਤਾ ਹਮ ਬਾਰਿਕ ਤੇਰੇ।

ਫੇਰ ਵੀ ਕੁਝ ਘੱਟ ਪੜ੍ਹੇ ਲਿਖੇ ਤੇ ਖੋਜ ਤੋਂ ਹੀਣੇ ਇਤਿਹਾਸਕਾਰਾਂ ਦੇ ਹਵਾਲੇ ਨਾਲ, ਕੁਝ ਦੋਖੀ ਚਤੁਰ ਪੁਰਸ਼ਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਹਾਂ ਵਾਕਾਂ ਦੇ ਅਰਥਾਂ ਦੇ ਅਨਰਥ ਕਰਕੇ ਕੁਝ ਸ਼ੰਕੇ ਪੈਦਾ ਕਰ ਦਿਤੇ ਹਨ, ਜਿਵੇਂ ਕਿ

ਮਹਾਂ ਕਾਲ ਕਾਲਕਾ ਆਰਾਧੀ॥

ਦਾ ਅਰਥ ਕਰਦੇ ਹੋਏ ਉਹ ਲਿਖਦੇ ਹਨ ਕਿ ਗੁਰੂ ਜੀ ਨੇ ਕਾਲਕਾ ਦੇਵੀ ਦੀ ਆਰਾਧਨਾ ਕੀਤੀ। ਇਸਦਾ ਨਿਰਣਾ ਇਉਂ ਹੈ :—

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਉਸ ਸਮੇਂ ਹੋਇਆ ਜਦ ਕਿ ਭਾਰਤ ਵਿਚ ਰਾਜਸੀ ਜ਼ੋਰ ਜ਼ੁਲਮ ਆਪਣੇ ਪੂਰੇ ਜੋਬਨ ਉਤੇ ਸਨ। ਧਰਮ ਦੀ ਅਗਵਾਈ ਉਹਨਾਂ ਬੁਤਪੂਜ, ਪਾਖੰਡੀ



www.AKJ.Org

ਤੇ ਜ਼ਾਤ ਅਭਿਮਾਨੀ ਬ੍ਰਾਹਮਣਾਂ ਦੇ ਹਥ ਵਿਚ ਸੀ ਜੋ ਰੱਬ ਦੀ ਹਸਤੀ ਦੇ ਕਈ ਟੋਟੇ ਕਰਕੇ ਮਨੁਖਤਾ ਨੂੰ ਜ਼ਾਤਾਂ ਦਰ ਜ਼ਾਤਾਂ ਤੇ ਉਪ-ਜ਼ਾਤਾਂ ਦਰ ਉਪ ਜ਼ਾਤਾਂ ਵਿਚ ਵੰਡੀ ਬੈਠੇ ਸਨ ਅਤੇ ਆਪਣੀ ਜਾਤੀ ਨੂੰ ਉਚਤਮ ਜਿਤਲਾ ਕੇ ਆਪਣੀ ਪੂਜਾ ਕਰਵਾ ਰਹੇ ਸਨ। ਰੱਬ ਦੇ ਲੱਖਾਂ ਬੰਦਿਆਂ ਨਾਲ ਅਛੂਤ ਕਹਿ ਕਹਿ ਕੇ ਸੜਕਾਂ ਉਤੇ, ਖੂਹਾਂ ਉਤੇ ਤੇ ਧਰਮ ਮੰਦਰਾਂ ਵਿਚ ਜ਼ੁਲਮ ਢਾਹਿਆ ਜਾ ਰਿਹਾ ਸੀ। ਕੁਝ ਜਾਤੀਆਂ ਦੀ ਭਿਟ ਛੁਹ ਤੇ ਕਈਆਂ ਦੀ ਦ੍ਰਿਸ਼ਟੀ ਵਿਵਰਜਿਤ ਸੀ। ਮਨੁਖ ਜਾਤੀ ਨੂੰ ਅਤਿ ਘਿਰਣਤ ਤਰੀਕੇ ਨਾਲ ਦਬਾਇਆ ਜਾ ਰਿਹਾ ਸੀ ਪ੍ਰਭੂ ਭਗਤੀ ਦੀ ਭੁਖ ਰਖਣ ਵਾਲਿਆਂ ਨੂੰ ਧਰਮ ਮੰਦਰਾਂ ਵਿਚੋਂ ਧੱਕੇ ਦੇ ਕੇ ਕਢਿਆ ਜਾਂਦਾ ਸੀ।

ਭਗਤਿ ਕਰਤ ਮੇਰੇ ਤਾਲ ਛਿਨਾਏ ॥

ਤੋਂ ਭਗਤ ਨਾਮਦੇਵ ਜੀ ਉਤੇ ਉਚ ਜਾਤੀਆਂ ਵਲੋਂ ਢਾਏ ਗਏ ਜ਼ੁਲਮਾਂ ਦਾ ਭਲੀ ਭਾਂਤ ਪਤਾ ਚਲਦਾ ਹੈ।

ਰਾਜਸੀ ਜ਼ੁਲਮਾਂ ਤੇ ਅਤਿਆਚਾਰਾਂ ਦੀ ਤਾਂ ਹਦ ਹੀ ਕੋਈ ਨਹੀਂ ਸੀ ਰਹੀ। ਵਕਤ ਦਾ ਬਾਦ-ਸ਼ਾਹ ਔਰਗਜ਼ੇਬ ਧਰਮ ਤੇ ਰਾਜ ਦੋਹਾਂ ਦਾ ਇਕ ਇਕਲਾ ਦਾਅਵੇਦਾਰ ਬਣੀ ਬੈਠਾ ਸੀ। ਸ੍ਰੀ ਗੁਰੂ ਤੇਗ ਬਹਾਦਰ ਜੈਸੇ ਧਰਮ ਅਵਤਾਰ ਮਹਾਂ ਪੁਰਸ਼ ਨੂੰ ਦਿਨ ਦੀਵੀਂ ਰਾਜ ਨਗਰ ਦਿੱਲੀ ਦੇ ਚਾਂਦਨੀ ਚੌਕ ਵਿਚ ਸ਼ਹੀਦ ਕੀਤਾ ਜਾ ਚੁਕਾ ਸੀ। ਅਜਿਹੇ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਰਤ ਦੀ ਨਿਰਬਲਤਾ ਤੇ ਨਿਪੁੰਸਕਤਾ ਦੂਰ ਕਰਕੇ ਉਹਨਾਂ ਵਿਚ ਅਣਖ, ਗ਼ੈਰਤ ਸਵੈ-ਸਤਿਕਾਰ ਤੇ ਸਵੈ-ਭਰੋਸਾ ਸੰਚਾਲਨ ਵਾਸਤੇ ਅਕਾਲ ਪੁਰਖ ਦੀ ਮਹਾਂ ਸ਼ਕਤੀ ਦਾ ਆਸਰਾ ਲਇਆ ਤੇ ਉਸਦੇ ਕਈ ਨਾਂ—ਜਿਵੇਂ ਭਗਵਤੀ, ਭਗੌਤੀ, ਸਿੰਘ ਬਾਹਨੀ, ਕਾਲਕਾ, ਚੰਡਿਕਾ, ਦੁਰਗਾ, ਭਵਾਨੀ, ਸਾਰਦਾ, ਭਵਹਾ ਆਦਿ ਵਰਤ ਕੇ ਉਸ ਪਾਸੋਂ ਦੇਸ਼ ਤੇ ਧਰਮ ਰਖਿਆ ਲਈ ਵਰ ਮੰਗੇ।

ਅਜਿਹੇ ਸਾਰੇ ਨਾਂ, ਸਤਿਗੁਰੂ ਜੀ ਨੇ ਅਕਾਲ ਪੁਰਖ ਵਾਸਤੇ ਵਰਤੇ ਹਨ, ਕਿਉਂਕਿ ਆਪ ਸ੍ਰੀ ਨਿਰੰਕਾਰ ਜੀ ਤੋਂ ਬਿਨਾਂ ਹੋਰ ਕਿਸੇ ਨੂੰ ਆਪਣਾ ਈਸ਼ਟ ਨਹੀਂ ਮੰਨਦੇ ਤੇ ਸੰਸਾਰ ਦੀਆਂ ਸਾਰੀਆਂ ਤਾਕਤਾਂ ਤੇ ਸ਼ਕਤੀਆਂ ਨੂੰ ਪਰਮਾਤਮਾ ਦੀ ਕ੍ਰਿਤ ਮੰਨ ਕੇ ਉਹਨਾਂ ਦੀ ਪੂਜਾ ਕਰਦੇ ਸਨ। ਸਭ ਤੋਂ ਵੱਡੀ ਸ਼ਕਤੀ ਉਹ 'ਕਿਰਪਾਨ' ਨੂੰ ਮੰਨਦੇ ਹਨ, ਜਿਸ ਨੂੰ ਹੱਥ ਵਿਚ ਲਿਸ਼ਕਾ ਕੇ ਉਨ੍ਹਾਂ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ ਤੇ ਜਿਸਦੇ ਆਸਰੇ ਭਰੋਸੇ ਉਹਨਾਂ ਨੇ ਜ਼ੁਲਮ ਦਾ ਨਾਸ ਕਰਕੇ ਧਰਮ ਦਾ ਬੋਲ ਬਾਲਾ ਕੀਤਾ।

ਆਪ ਆਪਣੇ ਰਚਿਤ ਗਰੰਥ 'ਬਚਿੱਤ੍ਰ ਨਾਟਕ' ਦੇ ਆਦਿ ਵਿਚ ਅਕਾਲ ਪੁਰਖ ਦੀ ਬਖਸ਼ਸ਼ 'ਕ੍ਰਿਪਾਨ' ਨੂੰ ਨਮਸਕਾਰ ਕਰਦੇ ਹਨ, ਜਿਵੇਂ—

ਨਮਸਕਾਰ ਸ੍ਰੀ ਖੜਗ ਕੋ
ਕਰੋਂ ਸੁ ਹਿਤੁ ਚਿਤੁ ਲਾਇ ॥
ਪੂਰਨ ਕਰੋਂ ਗਰੰਥ ਇਹੁ
ਤੁਮ ਮੁਹਿ ਕਰਹੁ ਸਹਾਇ ॥

ਇਸ ਤੋਂ ਅਗੇ ਅਕਾਲ ਪੁਰਖ ਜੀ ਦੀ ਇਸ ਇਸ ਮਾਰਨ ਵਾਲੀ ਸ਼ਕਤੀ ਦਾ ਸਿਰਲੇਖ ਇਉਂ ਦੇ ਕੇ ਉਸਦੀ ਜੈ ਮੰਗਦੇ ਹਨ :—

ਤ੍ਰਿਭੰਗੀ ਛੰਦ ॥
ਸ੍ਰੀ ਅਕਾਲ ਜੀ ਕੀ ਉਸਤਤਿ ॥
ਖਗ ਖੰਡ ਬਿਹੰਡੰ ਖਲ ਦਲ ਖੰਡੰ



www.AKJ.Org

ਅਤਿ ਰਣ ਮੰਡੰ ਬਰਬੰਡੰ ॥
ਭੁਜ ਦੰਡ ਅਖੰਡੰ ਤੇਜ ਪ੍ਰਚੰਡੰ
ਜੋਤਿ ਅਮੰਡੰ ਭਾਨ ਪ੍ਰਭੰ ॥
ਸੁਖ ਸੰਤਾ ਕਰਣੰ ਦੁਰਮਤ ਦਰਣੰ
ਕਿਲਬਿਖ ਹਰਣੰ ਅਸਿ ਸਰਣੰ ॥
ਜੈ ਜੈ ਜਗ ਕਾਰਣ ਸ੍ਰਿਸਟੀ ਉਬਾਰਣ
ਮਮ ਪ੍ਰਤਿਪਾਰਣ ਜੈ ਤੇਗੰ ॥

ਕਮਜ਼ੋਰ ਤੇ ਸ਼ਸਤ੍ਰ ਹੀਣ ਭਾਰਤ ਵਾਸੀਆਂ ਵਿਚ ਸ਼ਸਤ੍ਰ ਪਿਆਰ, ਬਲ, ਸ਼ੌਰਯ ਤੇ ਬੀਰਤਾ ਭਰਨ ਵਾਸਤੇ ਆਪ ਨੇ ਆਪਣੇ ਬਾਹੂ-ਬਲ ਤੇ ਭਰੋਸਾ ਕਾਇਮ ਕਰਨ ਦਾ ਨਿਸ਼ਚਾ ਇਉਂ ਕੀਤਾ—

ਮੇਰੁ ਕਰੋ ਤ੍ਰਿਣ ਤੇ ਮੁਹਿ ਜਾਹਿ
ਗਰੀਬ ਨਿਵਾਜ ਨ ਦੂਸਰ ਤੋ ਸੋ ॥
ਭੂਲ ਛਿਮੋ ਹਮਰੀ ਪ੍ਰਭ ਆਪਨ
ਭੂਲਨਹਾਰ ਕਹੂੰ ਕੋਊ ਮੋ ਸੋ ॥
ਸੇਵ ਕਰੀ ਤੁਮਰੀ ਤਿਨ ਕੇ
ਸਭ ਹੀ ਗ੍ਰਿਹ ਦੇਖੀਅਤ ਦ੍ਰਬ ਭਰੋਸੋ
ਯਾ ਕਲ ਮੈਂ ਸਭ ਕਾਲ ਕ੍ਰਿਪਾਨ ਕੇ
ਭਾਰੀ ਭੁਜਾਨ ਕੋ ਭਾਰੀ ਭਰੋਸੋ ॥
(ਬਚਿੱਤ੍ਰ ਨਾਟਕ)

ਸ੍ਰੀ ਨਿਰੰਕਾਰ ਜੀ ਦੀ ਓਟ ਤਕਦਿਆਂ ਹੋਇਆਂ ਉਸਦੇ ਬਖਸ਼ੇ ਹੋਏ ਭਾਰੀ ਭੁਜਾ ਬਲ ਉਤੇ ਭਰੋਸਾ ਰਖਦਿਆਂ ਹੋਇਆ ਆਪ ਨੇ ਮਹਾਂ ਕਾਲ ਅਥਵਾ ਅਕਾਲ ਪੁਰਖ ਦੀ ਸ਼ਕਤੀ ਦੀ ਆਰਾਧਨਾ ਕੀਤੀ। ਉਸ ਦੇਵੀ ਦੀ ਜੋ ਅਕਾਲ ਪੁਰਖ ਦੇ ਪੂਰੇ ਸੂਰੇ ਗੁਣ ਰਖਦੀ ਹੋਈ ਉਸ ਨਾਲ ਅਭੇਦ ਹੈ। ਆਪ ਫੁਰਮਾਉਂਦੇ ਹਨ—

ਸੋਈ ਭਵਾਨੀ ਨਾਮੁ ਕਹਾਈ ॥
ਜਿਨ ਸਗਰੀ ਇਹ ਸ੍ਰਿਸ਼ਟ ਉਪਾਈ।

ਸ੍ਰੀ ਗੁਰੂ ਜੀ ਅਕਾਲ ਪੁਰਖ ਦੀ ਇਸੇ ਸ਼ਕਤੀ ਨੂੰ ਪੁਲਿੰਗ ਰੂਪ ਵਿਚ ਭਗੌਤੀ ਦੀ ਵਾਰ ਵਿਚ ਇਉਂ ਬਿਆਨਦੇ ਹਨ-

ਖੰਡਾ ਪ੍ਰਿਥਮੈ ਸਾਜ ਕੈ
ਜਿਨ ਸਭ ਸੰਸਾਰ ਉਪਾਇਆ ॥
ਬ੍ਰਹਮਾ ਬਿਸਨ ਮਹੇਸ ਸਾਜ
ਕੁਦਰਤਿ ਦਾ ਖੇਲ ਰਚਾਇ ਬਣਾਇਆ ॥
ਸਿੰਧ ਪਰਬਤਿ ਮੇਦਨੀ
ਬਿਨ ਥੰਮ੍ਹਾਂ ਗਗਨ ਰਹਾਇਆ ॥
ਸਿਰਜੇ ਦਾਨੋ ਦੇਵਤੇ
ਤਿਨ ਅੰਦਰ ਬਾਦੁ ਰਚਾਇਆ ॥
ਤੈਂ ਹੀ ਦੁਰਗਾ ਸਾਜ ਕੈ
ਦੈਂਤਾਂ ਦਾ ਨਾਸ ਕਰਾਇਆ ॥

ਇਸ ਤੋਂ ਸਿਧ ਹੁੰਦਾ ਹੈ ਕੇਵਲ ਪ੍ਰਮਾਤਮਾ ਹੀ ਸਾਰਾ ਸੰਸਾਰ, ਬ੍ਰਹਮਾ, ਬਿਸ਼ਨ, ਸ਼ਿਵਜੀ, ਸਮੁੰਦਰ, ਪਹਾੜ, ਅਕਾਸ਼, ਦੇਵਤੇ, ਰਾਖਸ਼ਾਂ ਆਦਿ ਦੀ ਰਚਨਾ ਕਰਨ ਵਾਲਾ ਹੈ। ਜਿਸ ਦੁਰਗਾ ਦੇਵੀ ਦੀ ਕਥਾ ਮਾਰਕੰਡੇ ਪੁਰਾਣ ਵਿਚ ਲਿਖੀ ਹੈ, ਉਸ ਦੀ ਸਾਜਨਾ ਕਰਨ ਵਾਲਾ ਅਕਾਲ ਪੁਰਖ ਹੀ ਹੈ। ਜੀਵਾਂ ਦਾ ਕਾਲ ਅਥਵਾ ਸੰਘਾਰ ਕਰਨਾ ਵੀ ਸ੍ਰੀ ਵਾਹਿਗੁਰੂ ਜੀ ਦਾ ਇਕ ਲਛਣ ਹੈ।

ਕਾਲਕਾ ਸ਼ਬਦ ਦਾ ਮੁਢਲਾ ਰੂਪ ਕਾਲਕੈ : ਹੈ, ਜਿਸਦੇ ਅਰਥ ਕਾਲ ਕਰਨ ਵਾਲਾ ਹੈ, ਇਸ ਲਈ 'ਮਹਾ ਕਾਲ ਕਾਲਕਾ' ਦੇ ਅਰਥ ਹਨ, ਜੋ ਕਾਲਾਂ ਦਾ ਬੀ ਕਾਲ, ਮਹਾਂ ਕਾਲ ਹੈ, ਉਸ ਦੀ ਆਰਾਧਨਾ ਕੀਤੀ । ਜਿਵੇਂ ਕਿ—

ਨਮੋ ਕਾਲ ਕਾਲੇ ॥
ਨਮੋ ਸਰਬ ਪਾਲੇ ॥



www.AKJ.Org

ਕਲਹਿ ਕਰਨਾ ਤੇ ਸ਼ਾਂਤ ਰੂਪ ਹੋਣਾ, ਦੋਵੇਂ ਗੁਣ ਅਕਾਲ ਪੁਰਖ ਦੇ ਹਨ :—

ਨਮੋ ਕਲਹਿ ਕਰਤਾ ਨਮੋ ਸ਼ਾਂਤ ਰੂਪੇ ॥

ਪ੍ਰਮਾਤਮਾ ਦੇ ਕਲਹਿ ਰੂਪ ਦੇ ਅਨੇਕ ਨਾਮ ਹਨ, ਜਿਵੇਂ—

ਖੜਗ, ਭਗਵਤੀ ਭਗੌਤੀ, ਰੁਦ੍ਰ, ਸ਼ਿਵ, ਕਾਲ ਕਾਲੀ, ਕਾਲਕਾ ਆਦਿ। ਵਾਹਿਗੁਰੂ ਦੇ ਇਸ ਭਿਆਨਕ ਤੇ ਵਿਕਰਾਲ ਰੂਪ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਉਂ ਬਿਆਨ ਕੀਤਾ ਹੈ—

ਮੁੰਡ ਕੀ ਮਾਲ ਦੀਸਾਂਨ ਕੇ ਅੰਬਰ
ਬਾਂਮ ਕਰਯੋ ਗਲ ਮੈ ਅਸ ਭਾਰੋ।
ਲੋਚਨਿ ਲਾਲ ਕਰਾਲ ਦਿਪੈ ਦੋਊ
ਭਾਲ ਭਰਾਜਤ ਹੈ ਅਨਆਰੋ।
ਛੂਟੇ ਹੈਂ ਬਾਲ ਮਹਾ ਬਿਕਰਾਲ
ਕਪਾਲ ਲਸੇ ਰਿਪ ਦੰਤ ਉਜਾਰੋ।
ਛਾਡਤਿ ਜਾਲ ਲੀਯੈ ਕਰ ਬਯਾਲ
ਸੁਕਾਲ ਸਦਾ ਪ੍ਰਤੀਪਾਲ ਤੁਹਾਰੋ।

ਸ੍ਰੀ ਦਸਮ ਗਰੰਥ ਵਿਚ ਅਕਾਲ ਪੁਰਖ ਦੇ ਨਾਮ ਮਹਾਂ ਕਾਲ, ਕਾਲਕਾ ਅਥਵਾ ਕਾਲੀ ਆਦਿ ਹੇਠ ਲਿਖੀਆਂ ਤੁਕਾਂ ਵਿਚੋਂ ਸਿੱਧ ਹੁੰਦੇ ਹਨ—

ਮਾਨ ਗਨਿ ਕਾਲ ਅਸੁਰ ਤਬਿ ਮਾਰੇ।
ਪਰੇ ਭੂਮ ਪਰਿ ਮਨਹੁ ਮੁਨਾਰੇ।
... ... ...
ਵਹਿ ਕਾਲਕਾ ਅਸੁਰ ਖਪਾਏ।
ਮਾਰ ਦੂਬ ਹਿਯਾ ਧੂਰ ਮਿਲਾਏ।
... ... ...
ਚਾਹਿਤ ਮਹਾ ਕਾਲ ਕਹਿ ਮਾਰੋ।
ਮਹਾਮੂਢ ਨਹਿ ਕਰਤ ਵਿਚਾਰੋ।
ਬੀਸ ਪਦਮ ਦਾਨਵ ਤਬਿ ਭਯੋ।
ਨਾਸ ਕਰਨ ਕਾਲੀ ਕੋ ਧਯੋ।

(ਤ੍ਰਿਆ ਚਰਿਤ੍ਰ ੫੦੫)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੇ ਕਿਸੇ ਦੇਵੀ ਦੀ ਆਰਾਧਨਾ ਕੀਤੀ ਹੈ ਤਾਂ ਉਹ ਦੇਵੀ 'ਕ੍ਰਿਪਾਨ' ਹੀ ਸੀ ਅਤੇ ਇਸ ਨੂੰ ਮਾਤਾ ਨਾਲ ਵੀ ਤੁਲਨਾ ਦਿਤੀ ਹੈ, ਜਿਵੇਂ—

ਜੈ ਗਾਈ ਮਾਈ ਬੇ ਦਾਣੀ।
ਅਣਛਿਜ ਅਭਿਧਾ ਅਖਦਾਣੀ।
ਹੈ ਹਰਨੀ ਸਰਬੰ ਸੰਤਾਣੀ।
ਜੈ ਦਾਤਾ ਮਾਤਾ ਕ੍ਰਿ ਪਾਣੀ।

(ਦਸਮ ਗਰੰਥ, ਪਾਰਸ ਨਾਥ ਪ੍ਰਸੰਗ)

'ਸ਼ਸ਼ਤ੍ਰ ਨਾਮ ਮਾਲਾ' ਵਿਚ ਵੀ ਸਤਿਗੁਰੂ ਜੀ ਅਕਾਲ ਪੁਰਖ ਦੀ ਸ਼ਕਤੀ ਨੂੰ ਅਜਿਹੇ ਕਈ ਨਾਵਾਂ ਨਾਲ ਯਾਦ ਕਰਦੇ ਹਨ—

ਭੂ ਭਾਤਕ ਸ੍ਰੀ ਭਗਵਤੀ
ਭਵਹਾ ਨਾਮ ਬਖਾਨ।
ਸ੍ਰੀ ਭਵਾਨੀ ਭੈ ਹਰਨ
ਸਭ ਕੋ ਕਰ ਕਲਯਾਨ।

ਉਹ ਭੁਲੜ ਵੀਰ, ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਕਿਸੇ ਦੇਵੀ ਦਾ ਉਪਾਸਕ ਕਹਿੰਦੇ ਹਨ, ਉਹਨਾ ਨੂੰ ਇਸ ਗਲ ਦਾ ਪਤਾ ਹੋਣਾ ਚਾਹੀਦਾ ਹੈ ਕਿ ਗੁਰੂ ਘਰ ਵਿਚ ਅਥਵਾ ਭਗਤ ਪ੍ਰਸੰਗਾਂ ਵਿਚ ਦੇਵੀ ਇਸਤ੍ਰੀ ਨੂੰ ਤਾਂ ਗੁਰੂ ਘਰ ਦੀ ਟਹਿਲਣ ਤੇ ਦਾਸੀ ਦਸਿਆ ਗਿਆ ਹੈ।

ਭਾਈ ਲਹਿਣਾ ਜੀ, ਹਰ ਸਾਲ ਦੇਵੀ ਦੇ ਦਰਸ਼ਨਾਂ ਵਾਸਤੇ ਪਹਾੜਾਂ ਵਲ ਜਾਂਦੇ ਸਨ ਪਰ ਜਦ ਇਕ ਵਾਰ ਰਸਤੇ ਵਿਚ ਉਹਨਾਂ ਨੇ ਦੇਵੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਵਿਚ ਝਾੜੂ ਦੇਂਦੀ ਵੇਖਿਆ ਤਾਂ ਆਪ ਦੀਆਂ ਦੇਵੀ



www.AKJ.Org

ਯਾਤਰਾਵਾਂ ਸਦਾ ਲਈ ਮੁਕ ਗਈਆਂ ਅਤੇ ਆਪ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹੋ ਗਏ।

ਪੀਪਾ ਜੀ ਰਾਜਾ ਸਨ ਤੇ ਦੇਵੀ ਭਗਤ ਸਨ। ਇਕ ਵਾਰ ਪੀਪਾ ਜੀ ਨੇ ਦੇਵੀ ਪਾਸੋਂ ਮੁਕਤ ਹੋਣ ਦੀ ਵਿਧਿ ਪੁਛੀ। ਦੇਵੀ ਨੇ ਉੱਤਰ ਦਿਤਾ ਕਿ ਮੈਂ ਹਰ ਰੋਜ ਦੁਨਿਆਵੀ ਵਰ ਤਾਂ ਦੇ ਸਕਦੀ ਹਾਂ ਪਰ ਮੁਕਤੀ ਨਹੀਂ ਕਰ ਸਕਦੀ। ਮੁਕਤੀ ਤਾਂ ਕੇਵਲ ਸਰਬ ਵਿਆਪਕ ਰਾਮ ਦਾ ਨਾਮ ਜਪਿਆਂ ਹੀ ਹੋ ਸਕਦੀ ਹੈ। ਪੀਪਾ ਜੀ ਦਾ ਜੋ ਕਾਫ਼ੀ ਚਿਰ ਤੋਂ ਦੇਵੀ ਦੀ ਪੂਜਾ ਆਰਾਧਨਾ ਕਰ ਰਹੇ ਸਨ, ਦੇਵੀ ਦੇ ਅਜਿਹੇ ਉੱਤਰ ਤੋਂ ਨਿਰਾਸ਼ ਹੋ ਜਾਣਾ ਕੁਦਰਤੀ ਗਲ ਸੀ। ਸੋ ਆਪ ਨੇ ਇਹ ਤਾਅਨਾ ਮਾਰ ਕੇ ਦੇਵੀ ਦਾ ਲੜ ਛਡ ਦਿਤਾ।

ਤੂੰ ਕਹੀਅਤ ਹੀ ਆਦਿ ਭਵਾਨੀ।
ਮੁਕਤ ਕੀ ਬਰੀਆ ਕਹਾਂ ਛਪਾਨੀ ?

ਸ੍ਰੀ ਕਲਗੀਧਰ ਪਾਤਿਸ਼ਾਹ ਤਾਂ ਅਕਾਲ ਪੁਰਖ ਨੂੰ ਸਭ ਕੁਝ ਮੰਨਦੇ ਹੋਏ ਉਸੇ ਦੀ ਪੂਜਾ ਵਿਚ ਨਿਮਗਨ ਰਹਿੰਦੇ ਸਨ। ਆਪ ਫੁਰਮਾਉਂਦੇ ਹਨ :—

ਕਾਲ ਤੁਹੀ ਕਾਲੀ ਤੁਹੀ,
ਤੁਹੀ ਤੇਗ ਅਰੁ ਤੀਰ।
ਤੁਹੀ ਨਿਸਾਨੀ ਜੀਤ ਕੀ,
ਤੁਹੀ ਆਜ ਜਗ ਬੀਰ।

ਸਿਖ ਇਤਿਹਾਸਾਂ ਵਿਚ ਪਰਸੰਗ ਆਉਂਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਰਤ ਵਿਚੋਂ ਜ਼ੋਰ ਜ਼ੁਲਮ, ਪਾਪ ਤੇ ਅਧਰਮ ਦੂਰ ਕਰਨ ਲਈ ਜਦ ਪਹਾੜੀ ਰਾਜਿਆਂ ਤੇ ਬ੍ਰਾਹਮਣਾਂ, ਖੱਤਰੀਆਂ ਆਦਿ ਨੂੰ ਚੰਗੀ ਤਰ੍ਹਾਂ ਠੋਕ ਵਜਾ ਕੇ ਵੇਖ ਲਿਆ ਕਿ ਇਹ ਸੱਚ ਧਰਮ ਦਾ ਸਾਥ ਦੇਣ ਲਈ ਤਿਆਰ ਨਹੀਂ ਹਨ ਤਾਂ ਆਪ ਨੇ ਖਾਲਸਾ ਪੰਥ ਦੀ ਸਾਜਨਾ ਕਰਨ ਦਾ ਵਿਚਾਰ ਬਣਾਇਆ। ਕੁਝ ਸਿਖਾਂ ਨੇ ਬ੍ਰਾਹਮਣਾਂ ਨੂੰ ਦੇਵੀ ਪਰਗਟ ਕਰਨ ਲਈ ਕਹਿਆ, ਜਿਵੇਂ :—

ਸਿਖਨ ਕਹਯੋ ਸੁਣੋ ਦਿਜਰਾਈ।
ਹਮ ਤੇ ਕ੍ਰਿਯਾ ਕਰਾਵੋ ਸਾਰੀ।
ਜਿਸ ਤੇ ਪ੍ਰਗਟ ਹੋਵੈ ਏਵ।
ਲੈ ਬਰ ਸੱਤ੍ਰ ਹਰੈਂ ਸਬ ਦੇਵ।

ਜਦ ਸਿਖਾਂ ਨੇ ਆਪਣੀ ਇਹ ਇੱਛਾ ਸ੍ਰੀ ਗੁਰੂ ਜੀ ਪਾਸ ਪਰਗਟ ਕੀਤੀ ਤਾਂ ਆਪ ਨੇ ਫੁਰਮਾਇਆ :—

ਤੋ ਅਬ ਭੀ ਪ੍ਰਗਟ ਹੋ ਜੈ ਹੈਂ।
ਬਰ ਸਰਾਪ ਹਮ ਕਿਛੂ ਨ ਦੈ ਹੈ।
ਕਯੋਂ ਕੇ ਹਮ ਅਕਾਲ ਕੇ ਬਾਲਕ।
ਹੈਂ ਜੋ ਸੁਰ ਨਰ ਸਬ ਕਾ ਪਾਲਕ।
ਕੋਟਨ ਕੋਟ ਬ੍ਰਮੰਡੋਂ ਪਾਲਕ।
ਸਰਬ ਦੇਵ ਦੇਵੀ ਕਾ ਚਾਲਕ।
ਸੋ ਪ੍ਰਭ ਸਰਬ ਕਲਾ ਸਮਰੱਥ।
ਉਸਕਾ ਹਮਰੇ ਸਿਰ ਪਰ ਹੱਥ।
ਫਿਰ ਕਯੋਂ ਦੇਵੀ ਦੇਵ ਅਰਾਧੈ॥
ਜੋ ਤਿਸ ਹਿਤ ਨਿਤ ਸਾਧਨ ਸਾਧੈਂ॥

(ਪੰਥ ਪਰਕਾਸ਼)

ਫੇਰ ਵੀ ਬ੍ਰਾਹਮਣਾਂ ਦੇ ਬਹਿਕਾਏ ਹੋਏ ਸਿੱਖਾਂ ਦੇ ਕਹਿਣ ਪਰ ਤੇ ਬ੍ਰਾਹਮਣਾਂ ਦੀ ਪਰਖ ਅਖੀਰ ਤਕ ਕਰ ਕੇ ਸਿਖਾਂ ਨੂੰ ਨਿਸਚਾ ਕਰਾਉਣ ਲਈ ਕਿ ਦੇਵੀ ਦੇਵਤੇ, ਭਾਰਤ ਦਾ ਕੁਝ ਨਹੀਂ ਸਵਾਰ ਸਕਦੇ, ਸਤਿਗੁਰੂ ਜੀ ਨੇ ਹਵਨ ਯੱਗ ਦੀ ਸਮੱਗਰੀ ਬ੍ਰਾਹਮਣਾਂ ਦੇ ਹਵਾਲੇ ਕਰ ਦਿਤੀ। ਚਾਰ ਮਹੀਨੇ ਸਤਿਲੁਜ ਦੇ ਕੰਢੇ ਅਤੇ ਇਕ ਸਾਲ ਨੈਣਾਂ ਦੇਵੀ



www.AKJ.Org

ਦੇ ਟਿੱਲੇ ਉਤੇ, ਕੇਸਵ ਆਦਿ ਬ੍ਰਾਹਮਣਾਂ ਦੇ ਹਵਨ ਕਰਨ ਪਰ ਵੀ ਜਦ ਦੇਵੀ ਪ੍ਰਗਟ ਨਾ ਹੋਈ ਤਾਂ ਗੁਰੂ ਜੀ ਪੁਛਣ ਲਗੇ, ਕਿ ਪੰਡਤ ਜੀ, ਤੁਹਾਡੀ ਦੇਵੀ ਕਦੋਂ ਪ੍ਰਗਟ ਹੋਵੇਗੀ। ਪੰਡਤ ਨੇ ਕਹਿਆ ਕਿ ਦੇਵੀ ਕਿਸੇ ਕੁਲੀਨ ਸਰੇਸ਼ਟ ਪੁਰਸ਼ ਦੀ ਬਲੀ ਮੰਗਦੀ ਹੈ।

ਗੁਰੂ ਸਾਹਿਬ ਹਸਦੇ ਹੋਏ ਕਹਿਣ ਲਗੇ— ਪੰਡਤ ਜੀ, ਤੁਹਾਡੇ ਜਿਹਾ ਕੁਲੀਨ ਤੇ ਉੱਤਮ ਪੁਰਸ਼ ਹੋਰ ਕੌਣ ਹੋ ਸਕਦਾ ਹੈ? ਤੁਹਾਡੀ ਬਲੀ ਦੇਂਦੇ ਹਾਂ। ਜਦ ਦੇਵੀ ਪ੍ਰਗਟ ਹੋਵੇਗੀ ਤਾਂ ਉਸ ਪਾਸੋਂ ਪਹਿਲਾ ਵਰ, ਤੁਹਾਨੂੰ ਜੀਉਂਦਿਆਂ ਕਰਨ ਦਾ ਮੰਗਾਂਗੇ, ਫੇਰ ਕੋਈ ਹੋਰ ਗਲ ਕਰਾਂਗੇ।'

ਪੰਡਤ ਜੀ ਦੀ ਖਾਨਿਉਂ ਗਈ। ਉਹ ਤਾਂ ਦੇਵੀ ਪ੍ਰਗਟ ਨਾ ਕਰ ਸਕਣ ਕਾਰਨ, ਸਤਿਗੁਰੂ ਜੀ ਤੇ ਸਿਖਾਂ ਵਲੋਂ ਝੂਠਾ ਹੋਣ ਕਰਕੇ, ਗੁਰੂ ਜੀ ਦੀ ਬਲੀ ਦੇਣਾ ਚਾਹੁੰਦਾ ਸੀ, ਪਰ ਉਲਟਾ ਆਪ ਹੀ ਫਸ ਗਿਆ। ਪੰਤਤ ਜੀ ਇਸ਼ਨਾਨ ਕਰਨ ਦੇ ਪੱਜ ਤੇ ਦੂਜੇ ਪੰਡਤ ਹੋਰ ਬਹਾਨੇ ਲਾ ਕੇ ਖਿਸਕੂੰ ਹੋ ਖਏ। ਪੰਡਤਾਂ ਦਾ ਪਾਜ ਖੋਟੇ ਢਬੂਏ ਵਾਂਗ ਉੱਘੜ ਗਿਆ।

ਸਤਿਗੁਰੂ ਜੀ ਨੇ ਇੰਦਰੇ ਵਸ ਕਰ ਕੇ ਪ੍ਰਭੂ ਪਰਮੇਸ਼ਰ ਦਾ ਧਿਆਨ ਧਰਿਆ। ਫੇਰ ਕੀ ਹੋਇਆ?

ਪ੍ਰਗਟੀ ਜੋਤ ਅਕਾਲ ਤਬੈ ਦਿਬ,
ਧਯਾਨ ਧਰਤ ਨਿੱਤ ਜਾਹੂੰ।
ਪੇਖ ਮਸਤ ਖੁਸ਼ਿ ਥੀਏ ਅਤਿ ਸੈਂ,
ਬਰ ਗੁਰ ਚਹਯੋ ਨ ਕਾਹੂ।
ਤੈਂ ਭੀ ਉਸੀ ਜੋਤ ਤੇ ਬਾਨੀ,
ਸਤਗੁਰੂ ਇਹੁ ਸੁਨ ਪਾਈ।
ਪੰਥ ਤੁਮਾਰਾ ਚਲੈ ਬੀਰ ਬਡ,
ਧਰ ਪਰ ਸਦਾ ਸਹਾਈ॥ (ਪੰਥ ਪ੍ਰਕਾਸ਼)

ਅਕਾਲ ਦੀ ਆਗਿਆ ਪਾ ਕੇ ਗੁਰੂ ਜੀ ਨੇ ਪੰਡਤਾਂ ਦੇ ਹਵਨ ਦੀ ਵਧੀ ਹੋਈ ਸਾਰੀ ਸਮਗਰੀ ਇਕ ਵਾਰ ਕੁੰਡ ਵਿਚ ਸੁੱਟ ਦਿਤੀ। ਚਾਨਣ ਦਾ ਉੱਚਾ ਭੰਬਾਕਾ ਮੀਲਾਂ ਤਕ ਦਿਸਿਆ। ਗੁਰੂ ਜੀ ਨੇ ਅਸਲੀ ਦੇਵੀ 'ਕ੍ਰਿਪਾਨ' ਹੱਥ ਵਿਚ ਲੈ ਕੇ ਸ੍ਰੀ ਕੇਸ ਜੜ੍ਹ ਦੇ ਟਿੱਲੇ ਉਤੇ ਅਜਿਹਾ 'ਖਾਲਸਾ' ਸਾਜਿਆ ਜੋ ਰਹਿੰਦੀ ਦੁਨੀਆਂ ਤਕ ਨਿਰਭਉ ਤੇ ਨਿਰਵੈਰ ਰਹਿੰਦਾ ਹੋਇਆ ਜ਼ੁਲਮ ਦਾ ਟਾਕਰਾ ਕਰਕੇ ਜਗਤ ਵਿਚ ਸੁਖ, ਅਮਨ ਤੇ ਸ਼ਾਂਤੀ ਵਰਤਾਉਂਦਾ ਰਹੇਗਾ।


## ਸਰਬ ਲੋਹ ਦੇ ਭਾਂਡੇ

ਆਪ ਨੂੰ ਸਰਬ ਲੋਹ ਦੇ ਭਾਂਡਿਆਂ ਦੀ ਲੋੜ ਹੋਵੇ ਤਾਂ ਹੇਠ ਲਿਖੇ ਪਤੇ ਤੇ ਚਿੱਠੀ ਪੱਤਰ ਕਰੋ। ਅਸੀਂ ਹਰ ਕਿਸਮ ਦੇ ਸਰਬ ਲੋਹ ਦੇ ਭਾਂਡੇ ਤਿਆਰ ਕਰਦੇ ਹਾਂ।

ਮਿਸਤਰੀ ਉਜਾਗਰ ਸਿੰਘ,
ਮਹੱਲਾ ਲੁਹਾਰਾਂ,
ਪਿੰਡ ਤੇ ਡਾਕਖਾਨਾ ਘੜੂਆਂ, ਤਸੀਲ ਖਰੜ,
ਜ਼ਿਲਾ ਰੋਪੜ।




www.AKJ.Org

# ਤਹੀ ਪ੍ਰਕਾਸ਼ ਹਮਾਰਾ ਭਯੋ

# ਦਸਮ—ਗੁਰੂ

## ਇਕ ਅਲੌਕਿਕ ਸ਼ਖਸੀਅਤ

—ਗਿਆਨੀ ਜਸਮੇਰ ਸਿੰਘ ਪਾਲ

ਹਮ ਇਹ ਕਾਜ ਜਗਤ ਮੋ ਆਏ ।
ਧਰਮ ਹੇਤ ਗੁਰਦੇਵ ਪਠਾਏ ।
ਜਹਾਂ ਤਹਾਂ ਤੁਮ ਧਰਮ ਬਿਥਾਰੋ ।
ਦੁਸਟ ਦੋਖੀਅਨ ਪਕਰ ਪਛਾਰੋ ।

ਆਪਣੀ ਆਤਮ-ਕਥਾ ਬਚਿਤਰ ਨਾਟਕ ਦੀਆਂ ਉਪਰੋਕਤ ਕਾਵਿ-ਸਤਰਾਂ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੂਰਨ ਸਚਾਈ ਦੇ ਅੰਸ਼ ਪਰਗਟ ਕਰ ਦਿਤੇ ਹਨ । ਸਚਾਈ ਹੀ ਪੂਰਨਤਾ ਹੈ । ਗੁਰੂ ਜੀ ਦਾ ਜਗਤ ਵਿਚ ਆਉਣ ਦਾ ਮਨੋਰਥ, ਉਸ ਦੀ ਵਿਆਖਿਆ ਦਾ ਸਹੀ ਪਰਗਟਾਵਾ ਬਚਿੱਤਰ ਨਾਟਕ ਕਰਦਾ ਹੈ । ਗੁਰੂ ਜੀ ਮਨੁਖੀ ਜਾਮੇ ਪੰਜ ਭੂਤਕ ਸਰੀਰ ਅਰਥਾਤ ਪੰਜਾਂ ਤਤਾਂ ਦੇ ਜਾਮੇ ਵਾਲੇ ਸਰੀਰ ਵਿਚ ਇਸ ਜਗਤ ਵਿਚ ਬਿਆਲੀ ਕੁ ਵਰੇ ਵਿਚਰੇ ਅਰਥਾਤ ਆਪ ਜੀ ਨੇ ਸੰਨ ਸੋਲਾਂ ਸੌ ਛਿਆਹਠ ਈਸਵੀ ਵਿਚ ਭਾਰਤ ਦੇ ਪ੍ਰਸਿਧ ਸ਼ਹਿਰ ਪਟਨੇ ਵਿਚ ਜਨਮ ਲਿਆ । ਇਸ ਦਿਨ ਅੰਗਰੇਜ਼ੀ ਤਰੀਕ ਬਾਈ ਦਸੰਬਰ ਪੋਹ ਸੁਦੀ ਸਤਵੀਂ ਸੀ । ਗੁਰਦੇਵ ਪਰਮ ਪੁਰਖ ਕਾ ਦਾਸਾ ਬਣ ਕੇ ਇਸ ਜਗਤ ਵਿਚ ਆਏ । ਸਤਾਰਾਂ ਸੌ ਅੱਠ ਈਸਵੀ ਅਕਤੂਬਰ ਸੱਤ ਨੂੰ ਆਪ ਜਗਤ ਤਮਾਸ਼ਾ ਵੇਖ ਕੇ ਅਲੋਪ ਹੋ ਗਏ । ਇਨੇ ਥੋੜੇ ਸਮੇਂ ਵਿਚ ਆਪ ਚਾਰ ਜੁਗਾਂ ਜਿਨਾਂ ਕੰਮ ਕਰ ਗਏ । ਸਤਗੁਰੂ ਜੀ ਦੇ ਦਾਦਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਸਨ ਤੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ । ਮਾਤਾ ਗੁਜਰੀ ਜੀ ਆਪ ਦੀ ਮਾਤਾ ਜੀ ਸਨ । ਗੁਰੂ ਤੇਗ ਬਹਾਦਰ ਜੀ ਤਿਆਗੀ ਤੇ ਵੈਰਾਗੀ ਸਨ । ਕਾਫੀ ਸਮਾਂ ਗੁਰਗਦੀ ਦੀਆਂ ਜਿਮੇਵਾਰੀਆਂ ਤੋਂ ਅਜ਼ਾਦ ਰਹੇ । ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰੂ ਹਰਗੋਬਿੰਦ ਸਾਹਿਬ ਦੇ ਨਿਕਟ ਵਰਤੀ ਪੋਤੇ ਹੋਣ ਦਾ ਸੁਭਾਗ ਪਰਾਪਤ ਸੀ । ਗੁਰੂ ਤੇਗ ਬਹਾਦਰ ਜੀ ਧਰਮ ਪ੍ਰਚਾਰ ਦੇ ਆਸ਼ੇ ਨੂੰ ਮੁਖ ਰਖਕੇ ਉਸ ਵੇਲੇ ਦੇ ਪ੍ਰਸਿਧ ਤੀਰਥਾਂ ਬਿਹਾਰ, ਬੰਗਾਲ ਆਸਾਮ ਦੇਸ਼ ਦੀ ਯਾਤਰਾ ਕਰ ਰਹੇ ਸਨ । ਗੁਰੂ ਤੇਗ ਬਹਾਦਰ ਜੀ ਆਪਣੀ ਮਾਤਾ ਨਾਨਕੀ ਜੀ ਤੇ ਸੁਪਤਨੀ ਮਾਤਾ ਗੁਜਰੀ ਜੀ ਨੂੰ ਪਟਨੇ ਸ਼ਹਿਰ ਵਿਖੇ ਛਡ ਕੇ ਰਾਜਾ ਰਾਮ ਸਿੰਘ ਦੀਆਂ ਫੌਜਾਂ ਨਾਲ ਅਸਾਮ ਚਲੇ ਚਲੇ ਗਏ ਸਨ । ਸਪੁਤਰ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦੀ ਖਬਰ ਆਪ ਨੂੰ ਢਾਕੇ ਮਿਲੀ । ਗੁਰੂ ਜੀ ਨੇ ਪਟਨੇ ਪੁਜ ਕੇ ਪੁਤਰ ਦਾ ਨਾਂ ਗੋਬਿੰਦ ਰਾਏ ਰਖਿਆ । ਡਾਕਟਰ ਤਰਲੋਚਨ ਸਿੰਘ ਜੀ ਅਨੁਸਾਰ ਗੋਬਿੰਦ ਦਾਸ ਰਖਿਆ । ਸਾਹਿਬਜ਼ਾਦੇ ਦੇ ਜਨਮ ਦੀ ਖੁਸ਼ੀ ਵਿਚ ਬਹੁਤ ਪੁੰਨ



www.AKJ.Org

ਦਾਨ ਕੀਤਾ ਗਿਆ। ਗੁਰੂ ਜੀ ਪਟਨੇ ਛੇ ਕੁ ਸਾਲ ਰਹੇ। ਇਨਾਂ ਸਾਲਾਂ ਵਿਚ ਕਈ ਕੌਤਕ ਵਾਪਰੇ। ਗੁਰੂ ਗੋਬਿੰਦ ਸਿੰਘ ਜੀ ਨੂੰ ਬਾਲ-ਉਮਰੇ 'ਬਾਲਾ ਪਰੀਤਮ' ਕਿਹਾ ਜਾਂਦਾ ਸੀ। ਕਰਿਸ਼ਨ ਜੀ ਵਾਂਗ ਆਪ ਲੀਲਾਕਾਰ ਸਨ, ਬਚਿਆਂ ਦੀਆਂ ਟੋਲੀਆਂ ਬਣਾ ਕੇ ਜੰਗੀ ਖੇਡਾਂ ਖੇਡਦੇ। ਪਟਨੇ ਦੇ ਨਵਾਬ ਦੀ ਇਕ ਦਿਨ ਸੁਆਰੀ ਆ ਰਹੀ ਸੀ ਆਪ ਨੇ ਬਾਲਕਾਂ ਨਾਲ ਰਲ ਕੇ ਉਸ ਨੂੰ ਚਿੜਾਇਆ। ਗੁਲੇਲ ਨਾਲ ਇਸਤਰੀਆਂ ਦੇ ਘੜੇ ਭੰਨ ਛਡਦੇ। ਆਪ ਦਾ ਨਿਸ਼ਾਨਾ ਉਕਦਾ ਨਹੀਂ ਸੀ। ਮਾਤਾ ਨਾਨਕੀ ਜੀ ਅਤੇ ਮਾਤਾ ਗੁਜਰੀ ਜੀ ਕੋਲ ਰੋਜ ਸ਼ਿਕਾਇਤਾਂ ਪੁਜਦੀਆਂ। ਮਾਤਾ ਜੀ ਉਨ੍ਹਾਂ ਨੂੰ ਨਵੇਂ ਘੜੇ ਲੈ ਕੇ ਦਿੰਦੇ ਸਨ। ਪੰਡਤਾਂ ਦੇ ਕਰਮੰਡਲ ਭਰੇ ਡੋਲ ਦਿੰਦੇ। ਗੰਗਾ ਦੇ ਕਿਨਾਰੇ ਅਚਰਜ ਕੌਤਕ ਰਚਦੇ। ਰਾਜਾ ਫਤਹ ਚੰਦ ਤੇ ਉਸ ਦੀ ਰਾਣੀ ਮੈਣੀ ਨੂੰ ਬਾਲ ਪਰੀਤਮ ਨਾਲ ਡਾਢਾ ਪਿਆਰ ਸੀ। ਗੁਰੂ ਤੇਗ ਬਹਾਦੁਰ ਜੀ ਸੰਨ ਸੋਲਾਂ ਸੌ ਇਕਹਤਰ ਦੇ ਅਰੰਭ ਵਿਚ ਪਰਵਾਰ ਨੂੰ ਪਟਨੇ ਛਡ ਕੇ ਆਪ ਪੰਜਾਬ ਵਲ ਆਏ। ਵਿਸਾਖੀ ਦੇ ਕਰੀਬ ਅਨੰਦਪੁਰ ਸਾਹਿਬ (ਮਾਖੋਵਾਲ) ਪੁਜ ਗਏ ਸਨ। ਝਬਦੇ ਹੀ ਗੁਰੂ ਜੀ ਨੇ ਪਿਛੋਂ ਪਰਵਾਰ ਨੂੰ ਵੀ ਵਾਪਸ ਮੰਗਵਾ ਲਿਆ। ਗੁਰੂ ਤੇਗ ਬਹਾਦਰ ਜੀ ਦਾ ਪੂਰਬੀ ਦੇਸ਼ਾਂ ਵਲ ਜਾਣ ਦਾ ਮੰਤਵ ਭਾਵੇਂ ਧਰਮ ਪਰਚਾਰ ਦਾ ਹੀ ਸੀ ਪਰ ਸਭ ਤੋਂ ਵਡਾ ਕਾਰਨ ਔਰੰਗਜੇਬ ਦੀ ਧਾਰਮਕ ਤੰਗ ਦਿਲੀ, ਕਟੜਪਨ ਅਤੇ ਅਤਿਆਚਾਰ ਤੋਂ ਕੁਝ ਚਿਰ ਦੂਰ ਰਹਿਣਾ ਸੀ। ਆਉਣ ਵਾਲੇ ਸਮੇਂ ਲਈ ਤਿਆਰੀਆਂ ਦੀ ਲੋੜ ਸੀ। ਰਾਜ ਗਦੀ ਉਤੇ ਪੈਰ ਰਖਦਿਆਂ ਹੀ ਔਰੰਗਜ਼ੇਬ ਨੇ ਹਿੰਦੂ ਧਰਮ ਦੇ ਖਾਤਮੇ ਲਈ ਉਪਰਾਲੇ ਸ਼ੁਰੂ ਕਰ ਦਿਤੇ ਸਨ। ਹਿੰਦੂਆਂ ਨਾਲ ਹਮਦਰਦੀ ਰਖਣ ਵਾਲੇ ਸ਼ੀਆਂ ਫਿਰਕੇ ਦੇ ਮੁਸਲਮਾਨਾਂ (ਸਹਿਜ਼ਾਦਾ ਦਾਰਾ ਸ਼ਿਕੋਹ ਤੇ ਮਸ਼ਹੂਰ ਸੂਫੀ ਫਕੀਰ ਸਰਮਦ) ਨੂੰ ਮੌਤ ਦੀ ਸਜ਼ਾ ਦਿਤੀ ਗਈ। ਮੰਦਰ ਢਾਹ ਕੇ ਮਸੀਤਾਂ ਉਸਾਰ ਦਿਤੀਆਂ। ਹਿੰਦੂਆਂ ਦੇ ਤੀਰਥਾਂ ਤੇ ਜਜ਼ੀਆ ਲਗਾ ਦਿਤਾ ਗਿਆ। ਕਸ਼ਮੀਰ ਦੇ ਪੰਡਤਾਂ ਉਤੇ ਸਖਤੀ ਕੀਤੀ ਗਈ ਤਾਂ ਜੁ ਉਹ ਇਸਲਾਮ ਧਰਮ ਧਾਰਨ ਕਰ ਲੈਣ। ਜ਼ਬਰਦਸਤੀ ਕਲਮਾਂ ਪੜ੍ਹਾਕੇ ਮੁਸਲਮਾਨ ਬਣਾਉਣਾ ਇਕ ਰਾਜਸੀ ਕਰਤਵ ਵੀ ਸੀ ਤੇ ਸਵਾਬ ਅਰਥਾਤ ਇਕ ਪੁੰਨ ਵੀ। ਔਰੰਗਜ਼ੇਬ ਨੇ ਸਾਰੇ ਭਾਰਤ ਨੂੰ ਮੁਸਲਮਾਨ ਬਣਾਉਣ ਦਾ ਇਰਾਦਾ ਕਰ ਲਿਆ ਸੀ। ਇਨ੍ਹਾਂ ਦਿਨਾਂ ਵਿਚ ਕਸ਼ਮੀਰੀ ਪੰਡਤਾਂ ਦੀ ਇਕ ਟੋਲੀ ਅਨੰਦਪੁਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿਚ ਆਈ। ਸ਼ੇਰ ਅਫਗਾਨ ਕਸ਼ਮੀਰ ਗਵਰਨਰ ਦੇ ਜ਼ੁਲਮ ਆਖ ਸੁਣਾਏ। ਗੁਰੂ ਤੇਗ ਬਹਾਦਰ ਜੀ ਕਸ਼ਮੀਰੀ ਪੰਡਤਾਂ ਦੀ ਵਿਥਿਆ ਸੁਣ ਕੇ ਸੋਚੀਂ ਪੈ ਗਏ। ਸੋਚਾਂ ਵਿਚ ਪਏ ਹੋਏ ਪਿਤਾ ਨੂੰ ਪੁਤਰ ਗੋਬਿੰਦ ਰਾਏ ਨੇ ਪੁਛਿਆ (ਜੋ ਬਾਹਰੋਂ ਖੇਡ ਕੇ ਆਇਆ ਸੀ) ਪਿਤਾ ਜੀ ਇਹ ਗੱਲਾਂ ਵਿਚ ਪਲੇ ਪਾਈ ਕੌਣ ਖੜੇ ਹਨ ? ਇਨ੍ਹਾਂ ਉਤੇ ਕੀ ਭੀੜ ਪਈ ਹੈ ?

ਪੁਤਰ ਔਰੰਗਜੇਬ ਦੇ ਜ਼ੁਲਮਾਂ ਨੇ ਸਤਾਏ ਹੋਏ ਹਨ, ਧਰਮ ਉਤੇ ਡਟਦੇ ਹਨ ਜਾਨ ਜਾਂਦੀ ਹੈ, ਐਡੀ ਦਲੇਰੀ ਨਹੀਂ ਜੋ ਜਾਨ ਹੂਲ ਦੇਣ। ਸਮੱਸਿਆ ਡੂੰਘੀ ਹੈ।

ਪਿਤਾ ਜੀ ਸਮੱਸਿਆ ਦਾ ਹਲ ?

ਪੁਤਰ—ਕੋਈ ਬਲੀ ਪੁਰਸ਼ ਇਨ੍ਹਾਂ ਦੇ ਹੱਕਾਂ ਦੀ ਰਾਖੀ ਕਰਦਾ ਹੋਇਆ ਆਪਣਾ ਸੀਸ ਭੇਟ ਕਰ ਦੇਵੇ ਤਦ ਮੁਗਲ ਸਾਮਰਾਜ ਦਾ ਜ਼ੁਲਮ ਮੁਕ ਸਕਦਾ ਹੈ।

ਫਿਰ ਆਪ ਤੋਂ ਹੋਰ ਵਧ ਕੇ ਮਹਾਪੁਰਸ਼ ਇਸ ਸਮੇਂ ਕੋਣ ਹੈ ਆਪ ਹੀ ਕਿਉਂ ਸੀਸ ਭੇਟ ਨਹੀਂ ਕਰਦੇ। ਨੌ ਸਾਲ ਦੇ ਸ਼ੇਰ ਬਚੇ ਨੇ ਪਿਤਾ ਜੀ ਨੂੰ ਉਤਰ ਦਿਤਾ। ਨੌ ਸਾਲਾਂ ਦਾ ਬਾਲ ਪੁੱਤਰ ਪਿਤਾ ਦੀ ਪਿੱਠ ਨੂੰ ਹਥ ਲਾ



www.AKJ.Org

ਰਿਹਾ ਸੀ। ਗੁਰੂ ਜੀ ਸ਼ਹਾਦਤ ਦੇ ਮੈਦਾਨ ਵਿਚ ਕੁਦ ਪਏ। ਕਸਮੀਰੀ ਪੰਡਤਾਂ ਨੇ ਔਰੰਗਜੇਜ਼ ਨੂੰ ਆਖ ਦਿਤਾ ਸਾਡਾ ਗੁਰੂ ਗੁਰੂ ਤੇਗ ਬਹਾਦਰ ਹੈ ਉਹ ਜੇਕਰ ਇਸਲਾਮ ਵਿਚ ਆ ਗਿਆ ਤਦ ਸਾਰੇ ਹਿੰਦੂ ਆ ਜਾਣਗੇ। ਜੇਕਰ ਉਸ ਇਸਲਾਮ ਨਾ ਮੰਨਿਆ ਤਾਂ ਹਿੰਦੂ ਧਰਮ ਆਜ਼ਾਦ ਰਹੇਗਾ। ਔਰੰਗਜੇਬ ਨੇ ਇਹ ਕੁਝ ਸੁਣਦਿਆਂ ਹੀ ਗੁਰੂ ਤੇਗ ਬਹਾਦਰ ਜੀ ਨੂੰ ਦਰਬਾਰ ਵਿਚ ਹਾਜਰ ਹੋਣ ਲਈ ਹੁਕਮ ਦੇ ਦਿਤਾ। ਗੁਰੂ ਤੇਗ ਬਹਾਦਰ ਜੀ ਨੇ ਦਿਲੀ ਜਾਣ ਲਈ ਤਿਆਰੀ ਕਰ ਲਈ। ਗੁਰੂ ਘਰ ਦੇ ਵਿਰੋਧੀ ਰਾਮ ਰਾਈਏ ਅਤੇ ਧੀਰਮਲ ਧੜਾ ਗੁਰੂ ਤੇਗਬਹਾਦਰ ਜੀ ਦੇ ਖਿਲਾਫ ਔਰੰਗਜੇਬ ਦੇ ਕੰਨ ਭਰ ਰਹੇ ਸਨ। ਅਨੰਦਪੁਰ ਦੀ ਵਧ ਰਹੀ ਵਸੋਂ ਤੇ ਸਿਖ ਸ਼ਕਤੀ ਦੇ ਵਿਰੁਧ ਬਾਦਸ਼ਾਹ ਨੂੰ ਚੁਕ ਰਹੇ ਸਨ।

ਤਿਲਕ ਜਨੇਊ ਦਾ ਰਾਖਾ ਬਣ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣਾ ਸੀਸ ਦਿਲੀ ਪਤੀ ਔਰੰਗਜੇਬ ਦੇ ਦਰਵਾਜੇ ਅਗੇ ਭੇਂਟ ਦਿਤਾ। ਹਿੰਦੂ ਧਰਮ ਦੀ ਰਖ ਵਿਖਾਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪੂਜ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਜ਼ਿਕਰ ਬਚਿਤਰ ਨਾਟਕ ਵਿਚ ਕੀਤਾ ਹੈ।

ਠੀਕਰ ਫੋਰ ਦਿਲੀਸ ਸਿਰ,
ਪ੍ਰਭ ਪੁਰ ਕੀਆ ਪਯਾਨ।
ਤੇਗ ਬਹਾਦਰ ਸੀ ਕਿਰਿਆ
ਕਰੀ ਨ ਕਿਨਹੂੰ ਆਨ।

ਦਿਲੀ ਦੇ ਸਿੱਖਾਂ ਤੇ ਇਸ ਸਾਕੇ ਦਾ ਡਰ ਛਾ ਗਿਆ। ਕਿਸੇ ਦਾ ਹੀਆ ਨਾ ਪੈ ਸਕਿਆ ਕਿ ਉਹ ਹਿੰਦ ਦੀ ਚਾਦਰ ਦਾ ਸੀਸ ਸੰਭਾਲ ਸਕੇ। ਬਹੁਤ ਲੋਕਾਂ ਨੇ ਆਪਣੇ ਆਪ ਨੂੰ ਹਿੰਦੂ ਪ੍ਰਗਟ ਕੀਤਾ। ਇਹ ਗਲ ਭਾਈ ਜੈਤਾ ਜੀ ਨੇ ਅਨੰਦਪੁਰ ਗੁਰੂ ਗੋਬਿੰਦ ਸਿੰਘ ਜੀ ਨੂੰ ਦਸੀ। ਦਸਮੇਸ਼ ਜੀ ਲੋਕਾਂ ਦੀ ਅਧੋਗਤੀ ਵੇਖ ਕੇ ਸੋਚੀਂ ਪੈ ਗਏ ਫਿਰ ਉਨ੍ਹਾਂ ਐਲਾਨ ਕੀਤਾ ਮੈਂ ਅਜਿਹੇ ਸਿਖ ਪੈਦਾ ਕਰਾਂਗਾ ਜੋ ਸਰੇ ਮੈਦਾਨ ਸੀਸ ਚੁਕ ਲਿਆਇਆ ਕਰਨਗੇ। ਮੈਂ ਅਜੇਹਾ ਖਾਲਸਾ ਪੈਦਾ ਕਰਾਂਗਾ ਜੋ ਲਖਾਂ ਦੀ ਭੀੜ ਵਿਚ ਅਡਰਾ ਦਿਸੇਗਾ, ਜੋ ਸਿਖੀ ਤੋਂ ਨਾਬਰ ਨਹੀਂ ਹੋ ਸਕੇਗਾ। ਮੈਂ ਸ਼ੇਰਾਂ ਦੀ ਜਮਾਤ ਖੜੀ ਕਰਾਂਗਾ। ਭਾਈ ਜੈਤਾ ਜੀ ਨੂੰ ਗੁਰ ਪਾਤਸ਼ਾਹ ਨੇ ਹਿਕ ਨਾਲ ਲਾਇਆ। ਬਚਨ ਕੀਤਾ।

'ਰੰਗਰੇਟਾ ਗੁਰੂ ਕਾ ਬੇਟਾ'

ਭਾਈ ਜੈਤਾ ਜੀ ਮਜ਼੍ਹਬੀ ਸ਼ਰੇਣੀ ਵਿਚੋਂ ਸਨ। ਗੁਰੂ ਜੀ ਤੋਂ ਇਨਾਂ ਨੇ ਅਮ੍ਰਿਤ ਛਕਿਆ ਤੇ ਨਵਾਂ ਜੀਵਨ ਹਾਸਲ ਕੀਤਾ। ਅਮ੍ਰਿਤ ਛਕਣ ਉਪਰੰਤ ਭਾਈ ਸਾਹਿਬ ਜੀ ਦਾ ਨਾਂ ਜੀਵਨ ਸਿੰਘ ਰਖਿਆ ਗਿਆ। ਗੁਰੂ ਜੀ ਦੇ ਹਜ਼ੂਰੀ ਸਿਖਾਂ ਵਿਚੋਂ ਸਨ। ਚਮਕੌਰ ਸਾਹਿਬ ਦੀ ਜੰਗ ਵਿਚ ੨੨ ਦਸੰਬਰ ਸਤਾਰਾਂ ਸੌ ਚਾਰ ਈਸਵੀ ਨੂੰ ਸ਼ਹਾਦਤ ਪਰਾਪਤ ਕੀਤਾ। ਗੜੀ ਸਾਹਿਬ ਦੇ ਨਾਲ ਇਨ੍ਹਾਂ ਦਾ ਗੁਰਦੁਆਰਾ ਹੈ।

ਦਸਮੇਸ਼ ਪਿਤਾ ਜੀ ਨੇ ਨਵਾਂ ਪਰੋਗਰਾਮ ਉਲੀਕ ਦਿਤਾ ਸੀ। ਡਾਕਟਰ ਨਾਰੰਗ ਲਿਖਦਾ ਹੈ ਕਿ 'ਆਪਣੇ ਵੇਲੇ ਦੀ ਸਭ ਤੋਂ ਚੰਗੀ ਸਿਖਿਆ ਗੋਬਿੰਦ ਰਾਏ ਨੇ ਪਰਾਪਤ ਕੀਤੀ। ਗੁਰਮੁਖੀ ਆਪ ਨੇ ਸਾਹਿਬ ਚੰਦ ਵਿਦਵਾਨ ਤੋਂ ਸਿਖੀ। ਫਾਰਸੀ ਕਾਜੀ ਪੀਰ ਮੁਹੰਮਦ ਦੀਨ ਤੋਂ ਸਿਖੀ। ਫਾਰਸੀ, ਸੰਸਕਰਿਤ, ਮਹਾਂਕਾਵਿ, ਮਿਥਿਹਾਸ ਤੇ ਇਤਿਹਾਸ ਦੀ ਪੂਰਨ ਜਾਣਕਾਰੀ ਪ੍ਰਾਪਤ ਕੀਤੀ।'

ਦਸਮੇਸ਼ ਜੀ ਦੀ ਵਿਦਿਆ ਖਾਸ ਪ੍ਰਬੰਧ ਗੁਰੂ ਤੇਗ ਬਹਾਦਰ ਜੀ ਨੇ ਕੀਤਾ ਹੋਇਆ ਸੀ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਅਧਿਅਨ ਇਸ ਪੜ੍ਹਾਈ ਦਾ ਜਰੂਰੀ ਹਿਸਾ ਸੀ। ਦਸਮੇਸ਼ ਜੀ ਸ੍ਰੀ ਗੁਰੂ ਗਰੰਥ ਸਾਹਿਬ ਦਾ ਵਾਕ ਲੈ ਕੇ ਬਿਰਾਜਦੇ ਸਨ। ਅੰਮ੍ਰਿਤ ਵੇਲੇ ਹੁਕਮ ਲੈ



www.AKJ.Org

ਕੇ ਉਸਾਰੂ ਪਰੋਗਰਾਮਾਂ ਵਿਚ ਜੁਟੇ ਰਹਿੰਦੇ ਸਨ । ਆਪਣੇ ਪਿਤਾ ਜੀ ਦੀ ਸ਼ਹਾਦਤ ਤੋਂ ਮਗਰੋਂ ਬਾਬਾ ਬੁਢਾ ਜੀ ਦੇ ਵੰਸ ਵਿਚ ਭਾਈ ਰਾਮ ਕੰਵਰ ਦੇ ਹਥੋਂ ਆਪ ਜੀ ਨੇ ਗੁਰਗਦੀ ਸੰਭਾਲੀ ।

ਸੰਨ ਸੋਲਾਂ ਸੋ ਪਝਤਰ ਤੋਂ ਸੋਲਾਂ ਸੋ ਅਠਾਸੀ ਦਾ ਸਮਾਂ ਸਿਖ ਸ਼ਕਤੀ ਦੇ ਸੰਗਠਨ ਦਾ ਸਮਾਂ ਸੀ ।

ਅਨੰਦਪੁਰ ਇਕ ਮਹਾਨ ਯਾਤਰਾ ਅਸਥਾਨ ਬਣ ਚੁਕਾ ਸੀ । ਨੌਜਵਾਨ, ਭਰਵੇਂ, ਗਠੀਲੇ ਸੂਰਮੇ ਸਤਗੁਰੂ ਜੀ ਦੀ ਫੌਜ ਵਿਚ ਭਰਤੀ ਹੋ ਰਹੇ ਸਨ । ਜੰਗ ਦਾ ਸਮਾਨ ਇਕਠਾ ਹੋਣ ਲਗ ਪਿਆ ਸੀ । ਸਰੀਰਕ ਕਸਰਤ ਤੇ ਸੈਨਕ ਅਭਿਆਸ ਹੁੰਦੇ ਸਨ । ਨੇਜਾਬਾਜੀ ਤੇ ਘੋੜ ਸੁਆਰੀ ਸ਼ਿਕਾਰ, ਤਲਵਾਰ ਚਲਾਣ ਦਾ ਹੁਨਰ, ਧਨੁਖ ਚਲਾਣ ਦਾ ਅਭਿਆਸ ਸਿਖਾਂ ਨੂੰ ਕਰਵਾਇਆ ਜਾਂਦਾ ਸੀ । ਧਾਰਮਕ ਦੀਵਾਨ ਸਵੇਰੇ ਸ਼ਾਮ ਲਗਦੇ ਸਨ । ਅਨੰਦਪੁਰ ਇਕ ਜੰਗੀ ਕੇਂਦਰ ਬਣ ਰਿਹਾ ਸੀ । ਗੁਰੂ ਜੀ ਨੇ ਰਣਜੀਤ ਨਗਾਰਾ ਤਿਆਰ ਕਰਵਾਇਆ । ਪਹਾੜੀਆਂ ਗੂੰਜ ਉਠੀਆਂ । ਅਸਾਮ ਦਾ ਰਾਜਾ ਰਤਨ ਰਾਇ ਬਹੁਤ ਕੀਮਤੀ ਤੇ ਸ਼ਾਨਦਾਰ ਸੁਗਾਤਾਂ ਲੈ ਕੇ ਗੁਰੂ ਜੀ ਕੋਲ ਅਨੰਦਪੁਰ ਆਇਆ । ਇਹ ਰਾਜਾ ਗੁਰੂ ਤੇਗ ਬਹਾਦਰ ਜੀ ਦੇ ਵਰ ਨਾਲ ਪੈਦਾ ਹੋਇਆ ਸੀ । ਇਹਨਾਂ ਤੋਹਫ਼ਿਆਂ ਵਿਚ ਇਕ ਸੁੰਦਰ ਹਾਥੀ, ਇਕ ਤਖਤ, ਪੰਜ ਵਧੀਆ ਸਜੇ ਸਜਾਏ ਘੋੜੇ, ਇਕ ਅਦੁਤੀ ਸਸ਼ਤਰ ਜਿਸ ਨੂੰ ਪੰਜ ਕਲਾ ਸ਼ਸਤਰ ਆਖਦੇ ਸਨ ਲਿਆਇਆ । ਇਕ ਸਿਖ ਦੁਨੀ ਚੰਦ ਕਾਬਲ ਤੋਂ ਇਕ ਸੁੰਦਰ ਸ਼ਾਮਿਆਨਾ ਬਣਵਾਕੇ ਲਿਆਇਆ । ਗੁਰੂ ਜੀ ਦੀ ਭੇਟ ਕੀਤਾ । ਗੁਰੂ ਸਾਹਿਬ ਦਾ ਐਸ਼ਵਰਜ, ਤੇਜ ਪਰਤਾਤ, ਵੇਖ ਕੇ ਬਿਲਾਸਪੁਰ ਦਾ ਰਾਜਾ ਭੀਮ ਚੰਦ ਈਰਖਾ ਦੀ ਅੱਗ ਵਿਚ ਸੜਨ ਲਗਾ । ਰਾਜੇ ਦੀ ਨਜਰ ਹਾਥੀ ਤੇ ਸਾਮਿਆਨੇ ਉਤੇ ਸੀ । ਜਦੋਂ ਉਸ ਨੇ ਹਾਥੀ ਦੀ ਮੰਗ ਕੀਤੀ ਗੁਰੂ ਜੀ ਨੇ ਜੁਆਬ ਦੇ ਦਿਤਾ । ਉਸ ਦੀ ਈਰਖਾ ਦੁਸ਼ਮਨੀ ਬਣ ਗਈ ।

ਭੰਗਾਣੀ ਦਾ ਪਹਿਲਾ ਜੁਧ ਗੁਰੂ ਜੀ ਨੇ ਪਹਾੜੀ ਰਾਜਿਆਂ ਦੇ ਵਿਰੁਧ ਲੜਿਆ । ਇਸ ਜੁਧ ਵਿਚ ਮੈਕਾਲਫ ਅਨੁਸਾਰ ਗੁਰੂ ਜੀ ਦੀ ਭੂਆ ਬੀਬੀ ਵੀਰੋ ਦੇ ਪੰਜ ਪੁਤਰ ਗੰਗੋਸ਼ਾਹ, ਜੀਤ ਮਲ, ਗੋਪਾਲ ਚੰਦ, ਗੰਗਾ ਰਾਮ ਅਤੇ ਮਹਿਰੀ ਚੰਦ, ਗੁਰੂ ਜੀ ਦਾ ਚਾਚਾ ਸੂਰਜ ਮਲ ਦੇ ਦੋ ਪੋਤਰੇ ਗੁਲਾਬ ਚੰਦ ਤੇ ਸ਼ਾਮ ਦਾਸ, ਗੁਰੂ ਜੀ ਦਾ ਮਾਮਾ ਕਿਰਪਾਲ ਚੰਦ ਤੇ ਚੰਦ ਨੰਦ ਜੋ ਸ਼ਰੋਮਣੀ ਮਸੰਦ ਸਨ ਬੜੀ ਬੀਰਤਾ ਨਾਲ ਲੜੇ । ਸੰਨ ਸੋਲਾਂ ਸੋ ਸਤਤਰ ਵਿਚ ਲਾਹੌਰ ਦੇ ਇਕ ਸਿੱਖ ਭਾਈ ਭਿਖੀਆ ਦੀ ਲੜਕੀ ਜੀਤੋ ਜੀ ਨਾਲ ਗੁਰੂ ਜੀ ਦਾ ਪਹਿਲਾ ਵਿਆਹ ਹੋਇਆ । ਆਪਣੇ ਮਾਮਾ ਕਿਰਪਾਲ ਚੰਦ ਜੀ ਦੀ ਸਲਾਹ ਨਾਲ ਗੁਰੂ ਸਾਹਿਬ ਨੇ ਨੰਦ ਚੰਦ ਨੂੰ ਦੀਵਾਨ ਨੀਅਤ ਕਰ ਦਿਤਾ । ਆਰਥਕ ਪ੍ਰਬੰਧ ਉਹ ਕਰਦਾ ਸੀ । ਗੁਰੂ ਸਾਹਿਬ ਨੇ ਨਾਹਣ ਦੇ ਰਾਜਾ ਮੇਦਨੀ ਪ੍ਰਕਾਸ਼ ਦੇ ਬੇਨਤੀ ਕਰਨ ਤੇ ਜਮਨਾ ਦੇ ਕੰਢੇ ਇਕ ਰਮਣੀਕ ਇਕਾਂਤ ਥਾਂ ਤੇ ਬਾਰਾਂ ਦਿਨਾਂ ਵਿਚ ਇਕ ਕਿਲਾ ਤਿਆਰ ਕਰਵਾਇਆ । ਜਿਸ ਦਾ ਨਾਂ ਪਾਉਂਟਾ (ਪੈਰ ਰਖਣ ਦੀ ਥਾਂ) ਰਖਿਆ । ਪਾਉਂਟਾ ਸਾਹਿਬ ਵਿਚ ਰਹਿੰਦਿਆਂ ਸਭ ਤੋਂ ਵਡੀ ਘਟਨਾ ਭੰਗਾਣੀ ਦਾ ਯੁੱਧ ਸੀ । ਗੁਰੂ ਜੀ ਨੇ ਬਚਿੱਤਰ ਨਾਨਕ ਵਿਚ ਇਸ ਦਾ ਵਰਣਨ ਵਿਸਥਾਰ ਨਾਲ ਕੀਤਾ ਹੈ । ਗੁਰੂ ਜੀ ਦੀ ਸੈਨਾ ਨੂੰ ਬੜੀ ਭਾਰੀ ਜਿਤ ਪਰਾਪਤ ਹੋਈ । ਇਹ ਲੜਾਈ ਡਾਕਟਰ ਤ੍ਰਲੋਚਨ ਸਿੰਘ ਅਨੁਸਾਰ ੧੬੮੮ ਈ: ਵਿਚ ਹੋਈ । ਇਸ ਲੜਾਈ ਵਿਚ ਨਿਜੀ ਬੀਰਤਾ ਦੇ ਜੌਹਰ ਗੁਰੂ ਜੀ ਨੇ ਵਿਖਾਏ । ਰਾਜਾ ਭੀਮ ਚੰਦ ਤੇ ਰਾਜਾ ਫਤਹਿ ਸ਼ਾਹ ਦੇ ਨਾਲ ਹੋਰ ਪਹਾੜੀ ਰਾਜੇ ਸਨ । ਗੁਰੂ ਸਾਹਿਬ ਦੀ ਫੌਜ ਦੇ ਪੰਜ ਸੌ ਪਠਾਣ ਜੋ ਪੀਰ ਬੁਧੂ ਸ਼ਾਹ ਸਢੌਰਾ ਨੇ



www.AKJ.Org

ਭਰਤੀ ਕਰਾਏ ਸਨ, ਧੋਖਾ ਦੇ ਕੇ ਦੁਸ਼ਮਨ ਨਾਲ ਜਾ ਮਿਲੇ। ਇਸ ਲਈ ਪੀਰ ਬੁਧੂ ਸ਼ਾਹ ਆਪਣੇ ਪੰਜ ਪੁੱਤਰਾਂ ਤੇ ਸਤ ਸੌ ਮੁਰੀਦਾਂ ਨਾਲ ਗੁਰੂ ਜੀ ਵਲੋਂ ਲੜਿਆ। ਪੀਰ ਬੁਧੂ ਸ਼ਾਹ ਦੇ ਦੋ ਲੜਕੇ ਲੜਾਈ ਵਿਚ ਸ਼ਹੀਦ ਹੋਏ। ਗੁਰੂ ਜੀ ਦੇ ਪਰਸਿਧ ਸਿਖਾਂ ਵਿਚੋਂ ਸੰਗੋ ਸ਼ਾਹ, ਜੀਤ ਮਲ ਤੇ ਭਾਈ ਮਨੀ ਸਿੰਘ ਦਾ ਭਰਾ ਹਾਥੀ ਚੰਦ ਸ਼ਹੀਦ ਹੋਏ। ਪਾਉਂਟਾ ਵਿਚ ਹੀ ਗੁਰੂ ਸਾਹਿਬ ਦਾ ਵੱਡਾ ਸਾਹਿਬਜ਼ਾਦਾ ਅਜੀਤ ਸਿੰਘ ੧੬੮੭ ਈ: ਵਿਚ ਪੈਦਾ ਹੋਇਆ। ਡਾਕਟਰ ਗੋਕਲ ਚੰਦ ਨਾਰੰਗ ਲਿਖਦਾ ਹੈ ਕਿ ਭੰਗਾਣੀ ਦਾ ਯੁੱਧ ਗੁਰੂ ਜੀ ਨੇ ਖਾਲਸੇ ਦੀ ਸਾਜਨਾ ਮਗਰੋਂ ਕੀਤਾ। ਭੰਗਾਣੀ ਦੇ ਯੁਧ ਉਪਰੰਤ ਗੁਰੂ ਸਾਹਿਬ ਅਨੰਦਪੁਰ ਆ ਗਏ।

ਅਨੰਦਪੁਰ ਪੁਜ ਕੇ ਗੁਰੂ ਜੀ ਨੇ ਧਰਮ ਪਰਚਾਰ ਤੇ ਸੈਨਕ ਸ਼ਕਤੀ ਦੇ ਵਾਧੇ ਲਈ ਭਰਪੂਰ ਜਤਨ ਕੀਤੇ। ਗੁਰੂ ਸਾਹਿਬ ਵਲੋਂ ਤੇ ਦਰਬਾਰੀ ਕਵੀਆਂ ਵਲੋਂ ਕਾਵਿ ਰਚਨਾ ਤੇ ਸੰਸਕ੍ਰਿਤ ਤੋਂ ਉਲਥੇ ਦਾ ਕੰਮ ਪੂਰੇ ਜ਼ੋਰ ਨਾਲ ਹੁੰਦਾ ਰਿਹਾ। ਭੰਗਾਣੀ ਦਾ ਯੁੱਧ ਜਿੱਤਣ ਨਾਲ ਪਹਾੜੀ ਰਾਜਿਆਂ ਦੀ ਦੁਸ਼ਮਨੀ ਤੋਂ ਕੁਝ ਸਮੇਂ ਲਈ ਗੁਰੂ ਸਾਹਿਬ ਨੂੰ ਵਿਹਲ ਮਿਲ ਗਈ।

ਵਿਸਾਖੀ ਤਾਂ ਅਗੇ ਵੀ ਆਉਂਦੀ ਸੀ। ਪਰ ਸੰਨ ੧੬੯੯ ਦੀ ਵਿਸਾਖੀ ਭਾਰਤ ਦੇ ਇਤਿਹਾਸ ਦਾ ਬਹੁਤ ਵੱਡਾ ਦਿਨ ਹੈ। ਇਸ ਪਵਿਤਰ ਦਿਨ ਖਾਲਸਾ ਸਾਜਿਆ ਗਿਆ। ਗੁਰੂ ਜੀ ਨੇ ਕਾਫੀ ਸੋਚ ਵਿਚਾਰ ਤੋਂ ਬਾਦ ਅਤੇ ਆਤਮਿਕ ਤੇ ਮਨੋ-ਵਿਗਿਆਨਕ ਅਨਭਵ ਕਰਨ ਮਗਰੋਂ ਫੈਸਲਾ ਕੀਤਾ ਕਿ ਸਿਖ ਦਾ ਰੂਪ ਨਿਆਰਾ ਤੇ ਪਰਗਟ ਹੋਣਾ ਚਾਹੀਦਾ ਹੈ। ਦਲੇਰੀ ਬਹੁਤ ਵਡਾ ਗੁਣ ਹੈ ਜੇ ਕਰ ਬਿਪਤਾ ਵੇਲੇ ਸਿਖ ਲੁਕਦੇ ਰਹੇ ਤਦ ਉਹ ਯੋਧੇ ਕਿਵੇਂ ਬਣਨਗੇ? ਜਦੋਂ ਔਰੰਗਜ਼ੇਬ ਦਾ ਜ਼ੁਲਮ ਵਧ ਗਿਆ, ਨਾ ਧਰਮ ਸੁਰਖਿਅਤ, ਨਾ ਇਜ਼ਤ ਤੇ ਆਬਰੂ ਸੁਰਖਿਅਤ, ਨਾ ਆਜ਼ਾਦੀ ਸੁਰਖਿਅਤ, ਨਾ ਸੰਸਕ੍ਰਿਤੀ ਸੁਰਖਿਅਤ। ਗੁਰੂ ਜੀ ਅਜੇਹੀ ਡਿਗੀ ਹੋਈ ਮਾਨਸਕ ਦਸ਼ਾ ਨੂੰ ਵੇਖ ਕੇ ਉਦਾਸ ਰਹਿਣ ਲਗ ਪਏ। ਜਦੋਂ ਸਿੱਖਾਂ ਨੇ ਆ ਕੇ ਦਸਿਆ ਕਿ ਅਨੰਦਪੁਰ ਦੁਆਲੇ ਮੁਗਲਈ ਪਹਿਰੇ ਲਗੇ ਰਹਿੰਦੇ ਹਨ ਤਾਂ ਜੁ ਸਿੱਖ ਇਕਠੇ ਨਾ ਹੋ ਸਕਣ ਤਾਂ ਗੁਰੂ ਜੀ ਨੇ ਦਰਿੜ ਇਰਾਦਾ ਧਾਰ ਲਿਆ ਕਿ ਧਰਮ ਦੀ ਰਾਖੀ ਦਾ ਆਖਰੀ ਕਦਮ ਚੁਕਣ ਦਾ ਸਮਾਂ ਆ ਗਿਆ ਹੈ। ਉਹ ਸੀ ਤਿਆਰ ਬਰ ਤਿਆਰ, ਸ਼ਸਤਰਧਾਰੀ, ਜਟਾਜੂਟ, ਸਾਬਤ ਸੂਰਤ ਖਾਲਸੇ ਦੀ ਸਥਾਪਣਾ ਕਰਨਾ। ਗੁਰੂ ਜੀ ਨੇ ਭਰੇ ਦਰਬਾਰ ਵਿਚ ਸਿਖਾਂ ਪਾਸੋਂ ਸਿਰ ਦੀ ਮੰਗ ਕੀਤੀ। ਇਹੋ ਮੰਗ ਗੁਰੂ ਨਾਨਕ ਦੇਵ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲਾਂ ਵੀ ਕੀਤੀ ਸੀ—

ਜੇ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰ ਧਰ ਤਲੀ ਗਲੀ ਮੇਰੀ ਆਉ ॥
ਇਤ ਮਾਰਗ ਪੈਰ ਧਰੀਜੈ ॥
ਸਿਰ ਦੀਜੈ ਕਾਣੁ ਨ ਕੀਜੈ ॥

ਉਸ ਵੇਲੇ ਭਾਈ ਲਹਿਣਾ ਜੀ ਗੁਰੂ ਆਸ਼ੇ ਉਤੇ ਪੂਰੇ ਉਤਰੇ ਸਨ ਹੁਣ ਪੰਜ ਸਿਖ ਨਿਤਰੇ—ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ ਭਾਈ ਮੋਹਕਮ ਸਿੰਘ, ਭਾਈ ਸਾਹਿਬ ਸਿੰਘ। ਗੁਰੂ ਜੀ ਨੇ ਖੰਡੇ ਦਾ ਅੰਮ੍ਰਿਤ ਤਿਆਰ ਕੀਤਾ। ਪੰਜਾਂ ਸਿੱਖਾਂ ਨੂੰ ਛਕਾ ਕੇ ਪੰਜ ਪਿਆਰੇ ਬਣਾਇਆ। ਹਰ ਸਿਖ ਸਿੰਘ ਬਣ ਗਿਆ। ਗੁਰੂ ਗੋਬਿੰਦ ਸਿੰਘ ਜੀ ਦੀ ਸਭ ਤੋਂ ਵਡੀ ਕਰਾਮਾਤ ਖਾਲਸੇ ਦੀ ਉਤਪਤੀ ਸੀ। ਸਿਖ ਇਸਤਰੀ ਨੂੰ ਸਿੰਘਣੀ ਦਾ ਖਤਾਬ ਦਿਤਾ ਗਿਆ। ਦਾਸੀ ਤੋਂ ਸ਼ੇਰਨੀ ਬਣਾ ਦਿਤਾ। ਪੰਜ ਕਕਾਰ ਹਰ ਇਕ ਲਈ ਜ਼ਰੂਰੀ ਕਰਾਰ ਦਿਤੇ ਗਏ।

ਨਿਸ਼ਾਨਿ ਈ ਸਿੱਖੀ ਪੰਜ ਹਰਫ਼ ਕਾਫ਼,



www.AKJ.Org

ਹਰਗਿਜ਼ ਨ ਬਾਸ਼ਦ ਪੰਜ ਓ ਮੁਆਫ ।
ਕੜਾ ਕਾਰ ਦੋ ਕਾਛ ਕੰਘਾ ਬਿਦਾਂ ।
ਖਿਲਾ ਕੇਸ ਹੇਚਸਤ ਜੁਮਲਾ ਨਿਸ਼ਾ ।

ਚਾਰ ਕੁਰਹਿਤਾਂ ਦੀ ਮਨਾਹੀ ਹੋ ਗਈ ਵਿਭਚਾਰ ਪਰ ਇਸਤਰੀ ਜਾਂ ਪਰ ਪੁਰਖ ਦਾ ਭੋਗਣਾ । ਕੁੱਠਾ ਖਾਣਾ ਤਮਾਕੂ ਪੀਣਾ ਤੇ ਕੇਸਾਂ ਦੀ ਬੇਅਦਬੀ ਕਰਨਾ । ਸਾਰੇ ਸਿੱਖ ਬਰਾਬਰ ਹੋ ਗਏ । ਊਚ-ਨੀਚ, ਸੁੱਚ ਭਿਟ, ਜਾਤ-ਪਾਤ, ਕਰਮ ਕਾਂਡ, ਸੂਤਕ, ਜਨੇਊ ਸਭ ਅੰਮ੍ਰਿਤ ਨੇ ਖਤਮ ਕਰ ਛਡੇ । ਇਕ ਮੁਕੰਮਲ ਇਨਸਾਨ ਪੂਰਨ ਮਨੁਖ ਖਾਲਮਾ ਪੈਦਾ ਹੋਇਆ । ਖਾਲਸਾ ਸੰਤ ਵੀ ਸੀ ਸਿਪਾਹੀ ਵੀ, ਉਚੇ ਆਚਰਨ ਵਾਲਾ ਬੀਰ ਜੋਧਾ ਵੀ, ਅਕਾਲ ਪੁਰਖ ਦੀ ਫੌਜ ਸਾਜੀ ਗਈ । ਖਾਲਸਾ ਗੁਰੂ ਜੀ ਦਾ ਰੂਪ ਸੀ ।

ਖਾਲਸਾ ਮੇਰੋ ਰੂਪ ਹੈ ਖਾਸ
ਖਾਲਸੇ ਮੇਂ ਹਉ ਕਰਉ ਨਿਵਾਸ ।

ਖਾਲਸਾ ਪੰਥ ਸਸ਼ਤਰਧਾਰੀਆਂ ਦੀ ਜਮਾਤ ਸੀ ਜਿਸ ਦਾ ਕੰਮ ਉਹੋ ਸੋ ਜੋ ਗੁਰੂ ਗੋਬਿੰਦ ਸਿੰਘ ਜੀ ਦਾ ਭਾਵ ਮਲੇਛਾਂ ਦਾ ਮੂਲ ਪੁਟਣਾ । ਖਾਲਸਾ ਦੇ ਆਪਸ ਸਮੇਂ ਮਿਲਣ ਦਾ ਨਾਅਰਾ **FORMAL GREETINGS** ਸੀ ।

ਵਾਹਿਗੁਰੂ ਜੀ ਕਾ ਖਾਲਸਾ ।
ਵਾਹਿਗੁਰੂ ਜੀ ਕੀ ਫਤਹਿ ।

ਤੇਗ, ਤੇਗ, ਫਤਹਿ ਤਿੰਨ ਵਡੀਆਂ ਦਾਤਾਂ ਖਾਲਸੇ ਨੂੰ ਮਿਲੀਆਂ । ਕੁਝ ਦਿਨਾਂ ਤੀਕਤ ਅੰਮ੍ਰਿਤ ਛਕਣ ਵਾਲਿਆਂ ਦੀ ਗਿਣਤੀ ਅੱਸੀ ਹਜ਼ਾਰ ਹੋ ਗਈ ਸੀ । ਗੁਰੂ ਜੀ ਪੰਜਾਂ ਪਿਆਰਿਆ ਕੋਲੋਂ ਫਿਰ ਆਪ ਅੰਮ੍ਰਿਤ ਛਕਿਆ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣੇ ਤੇ ਐਲਾਨ ਕੀਤਾ :—

ਭੇਡੋਂ ਕੋ ਮੈਂ ਸ਼ੇਰ ਬਣਾਊ ।
ਰਾਠਨ ਕੋ ਸੰਗ ਰੰਕ ਲੜਾਊ ।
ਭੂਪ ਗਰੀਬਨ ਕੋ ਕਹਵਾਊ
ਚਿੜੀਅਨ ਸੇ ਮੈਂ ਬਾਜ ਤੁੜਾਊ ।
ਸਵਾ ਲਾਖ ਸੇ ਏਕ ਲੜਾਊ ।
ਤਬਹਿ ਗੋਬਿੰਦ ਸਿੰਘ ਨਾਮ ਰਖਾਊ ।

ਅੰਮ੍ਰਿਤ ਦੀ ਪਾਹੁਲ ਪਰਜਾ ਤੰਤਰ ਦਾ ਮੁੱਢ ਸੀ । ਗੁਰੂ ਜੀ ਆਪ ਹੀ ਗੁਰੂ ਸਨ ਤੇ ਚੇਲਾ ਵੀ ਆਪ ਹੀ :—

ਵਾਹੁ ਵਾਹੁ ਗੋਬਿਦ ਸਿੰਘ ਆਪੇ ਗੁਰ ਚੇਲਾ ।

ਅੰਮ੍ਰਿਤ ਦਾ ਐਲਾਨ ਸੁਣ ਕੇ ਪਹਾੜੀ ਰਾਜੇ ਤੜਪ ਉਠੇ । ਬ੍ਰਾਹਮਣ ਸ਼ਰੇਣੀ ਗੁਰੂ ਜੀ ਦੇ ਵਿਰੁਧ ਹੋ ਗਈ । ਉਹ ਆਖਣ ਲਗੇ ਗੁਰੂ ਨੇ ਸਾਸ਼ਤਰ ਦੀ ਪੁਰਾਤਨ ਰੀਤ ਨੂੰ ਖਤਮ ਕਰ ਦਿਤਾ ਹੈ । ਚੂਹੜੇ, ਚਮਾਰ ਸਾਰੇ ਸ਼ਾਮਲ ਕਰ ਲਏ ਹਨ । ਔਰੰਗਜ਼ੇਬ ਦੇ ਖੁਫੀਆ ਰਿਪੋਰਟਰ ਨੇ ਬਾਦਸ਼ਾਹ ਨੂੰ ਖਾਲਸੇ ਦੀ ਸਾਜਨਾ ਦੀ ਰਿਪੋਰਟ ਦਿਤੀ । ਔਰੰਗਜ਼ੇਬ ਸੜ ਕੇ ਕੋਲਾ ਹੋ ਗਿਆ । ਗੁਰੂ ਜੀ ਉਤੇ ਪਹਿਲਾ ਹਮਲਾ ਪਹਾੜੀ ਰਾਜੇ ਬਲੀਆ ਚੰਦ ਤੇ ਆਲਮ ਚੰਦ ਵਲੋਂ ਹੋਇਆ । ਇਸ ਸਮੇਂ ਗੁਰੂ ਜੀ ਪਹਾੜ ਦੀ ਦੂਨ ਵਿਚ ਸ਼ਿਕਾਰ ਖੇਡ ਰਹੇ ਸਨ । ਸਿੰਘਾਂ ਨੇ ਪਹਾੜੀ ਸੈਨਾ ਦਾ ਗਜ ਕੇ ਟਾਕਰਾ ਕੀਤਾ । ਦੋਵੇਂ ਪਹਾੜੀ ਰਾਜੇ ਬੁਰੀ ਤਰ੍ਹਾਂ ਭੈਭੀਤ ਹੋ ਗਏ । ਉਨ੍ਹਾਂ ਲਈ ਕੇਵਲ ਇਕੋ ਸਹਾਰਾ ਸੀ । ਉਹ ਸੀ ਮੁਗਲ ਫੌਜ਼ ਦੀ ਮਦਦ ਲੈਣਾ । ਬਾਦਸ਼ਾਹੀ ਹੁਕਮ ਦੀ ਪਾਲਣਾ ਲਈ ਸੂਬਾ ਸਰਹੰਦ ਨੇ ਦਸ ਹਜ਼ਾਰ ਫੌਜ ਸਮੇਤ ਜਰਨੈਲ ਅਦੀਨਾ ਬੇਗ ਅਤੇ ਪੈਂਦੇ ਖਾਂ ਨੂੰ ਅਨੰਦਪੁਰ ਤੇ ਹਮਲਾ ਕਰਨ ਲਈ ਭੇਜਿਆ । ਪਹਾੜੀ ਰਾਜੇ ਭੀਮ ਚੰਦ, ਬੀਰ ਚੰਦ ਆਦਿ ਵੀ ਸ਼ਾਮਲ ਹੋ ਗਏ । ਮੁਗਲ ਫੌਜ ਇਨ੍ਹਾਂ ਨੂੰ ਰੋਪੜ ਦੇ ਸਥਾਨ ਤੇ ਮਿਲ ਪਈ । ਲੜਾਈ ਦੋਵਾਂ ਪਾਸਿਓ ਜੋਸ਼ ਨਾਲ ਲੜੀ ਗਈ।



www.AKJ.Org

ਜਿਤ ਗੁਰੂ ਜੀ ਦੀ ਹੋਈ। ਗੁਰੂ ਜੀ ਦੇ ਵਡੇ ਸਾਹਿਬ-ਜ਼ਾਦੇ ਅਜੀਤ ਸਿੰਘ ਨੇ ਆਪਣੀ ਬਹਾਦਰੀ ਦੇ ਜੌਹਰ ਵਿਖਾਏ। ਭਾਈ ਉਦੇ ਸਿੰਘ ਅਤੇ ਭਾਈ ਬਚਿੱਤਰ ਸਿੰਘ ਸ਼ੇਰਾਂ ਵਾਂਗ ਝਪਟੇ। ਮੁਗਲ ਅਤੇ ਪਹਾੜੀ ਫੌਜ ਹਾਰ ਖਾ ਕੇ ਭਜ ਗਈ। ਵਜੀਰ ਖਾਂ ਦੀ ਕਮਾਨ ਹੇਠ ਅਣ-ਗਿਣਤ ਫੌਜ ਨੂੰ ਹੁਕਮ ਹੋਇਆ ਕਿ ਅਨੰਦਪੁਰ ਨੂੰ ਉਜਾੜ ਦਿਤਾ ਜਾਵੇ। ਗੁਰੂ ਜੀ ਨੂੰ ਕੈਦ ਕਰਕੇ ਦਿਲੀ ਬਾਦਸ਼ਾਹ ਦੇ ਦਰਬਾਰ ਹਾਜ਼ਰ ਕੀਤਾ ਜਾਵੇ। ਮੁਗਲ ਫੌਜਾਂ ਨੇ ਅਨੰਦਪੁਰ ਤੇ ਕਬਜ਼ਾ ਕਰਨ ਲਈ ਬੜਾ ਜ਼ੋਰ ਲਾਇਆ। ਪਰ ਸਿੱਖ ਤੋਪਚੀਆਂ ਦੀ ਗੋਲਾਬਾਰੀ ਅਤੇ ਸਿਖ ਜੋਧਿਆਂ ਦੇ ਮਾਰੂ ਹਮਲਿਆਂ ਨੇ ਉਨ੍ਹਾਂ ਦੀ ਕੋਈ ਪੇਸ਼ ਨਾ ਜਾਣ ਦਿਤੀ। ਕਈ ਇਤਹਾਸਕਾਰਾਂ (ਜਿਵੇਂ ਭਗਤ ਲਛਮਣ ਸਿੰਘ ਜੀ) ਅਨੁਸਾਰ ਪਹਾੜੀ ਰਾਜਿਆਂ ਗਊ ਦੀ ਸੁਗੰਧ ਖਾ ਕੇ ਬੇਨਤੀ ਕੀਤੀ ਕਿ ਗੁਰੂ ਜੀ ਅਨੰਦਪੁਰ ਖਾਲੀ ਕਰ ਦੇਣ ਤਕ ਸੁਲਹ ਹੋ ਸਕੇਗੀ। ਅਨੰਦਪੁਰ ਤੋਂ ਨਿਕਲ ਕੇ ਗੁਰੂ ਜੀ ਨੇ ਪਿੰਡ ਨਿਰਮੋਹ ਜਾ ਡੇਰਾ ਕੀਤਾ। ਪਹਾੜੀ ਰਾਜਿਆਂ ਨੇ ਧਰੋਹ ਨਾਲ ਗੁਰੂ ਜੀ ਨੂੰ ਸ਼ਹੀਦ ਕਰਨ ਦੇ ਉਪਰਾਲੇ ਕੀਤੇ। ਇਕ ਨਿਸ਼ਾਨਚੀ ਪਾਸੋਂ ਗੁਰੂ ਜੀ ਨੂੰ ਗੋਲੀ ਦਾ ਨਿਸ਼ਾਨਾ ਬਣਾਣ ਦਾ ਵੀ ਕਮੀਨਾ ਜਤਨ ਕੀਤਾ ਗਿਆ ਜਿਸਨਾਲ ਗੁਰੂ ਜੀ ਦੇ ਪਾਸ ਖੜਾ ਇਕ ਸਿਖ ਗੋਲਾ ਲਗਣ ਨਾਲ ਸ਼ਹੀਦ ਹੋ ਗਿਆ। ਅਨੰਦਪੁਰ ਨੂੰ ਫਿਰ ਘੇਰਾ ਪੈ ਗਿਆ। ਸ਼ਹਿਰ ਦੀ ਨਾਕਾਬੰਦੀ ਹੋ ਗਈ। ਸਿਖਾਂ ਨੂੰ ਖੁਰਾਕ ਦੀ ਘਾਟ ਮਹਿਸੂਸ ਹੋਣ ਲਗੀ। ਸਮਾਂ ਬੀਤਣ ਨਾਲ ਔਕੜ ਵਧ ਗਈ। ਅੰਨ ਦਾਣਾ ਮੁਕ ਗਿਆ ਸੀ। ਕਈ ਸਿੰਘ ਬੇਚੈਨੀ ਪਰਗਟ ਕਰਨ ਲਗੇ। ਸਿਖਾਂ ਨੇ ਮਾਤਾ ਜੀ ਨੂੰ ਕਿਹਾ ਕਿ ਗੁਰੂ ਜੀ ਨੂੰ ਕਹੋ ਕਿ ਅਨੰਦਪੁਰ ਖਾਲੀ ਕਰ ਦੇਣ। ਮੁਸਲਮਾਨ ਜਰਨੈਲ ਵੀ ਅਨੰਦਪੁਰ ਦੇ ਘੇਰੇ ਤੋਂ ਤੰਗ ਪੈ ਗਏ। ਅਨੰਦਪੁਰ ਨੂੰ ਖਾਲੀ ਕਰਵਾਣ ਲਈ ਮੁਗਲਾਂ ਨੇ ਕੁਰਾਨ ਦੀਆਂ ਕਸਮਾਂ ਖਾਧੀਆਂ। ਔਰੰਗਜੇਬ ਨੇ ਕੁਰਾਨ ਗੁਰੂ ਜੀ ਕੋਲ ਭੇਜੀ ਜਿਸ ਤੇ ਔਰੰਗਜੇਬ ਦੇ ਆਪਣੇ ਦਸਖਤ ਸਨ। ਹਿੰਦੂ ਰਾਜਿਆਂ ਨੇ ਗਊਆਂ ਦੀ ਗੀਤਾ ਦੀ ਕਸਮ ਖਾਧੀ। ਪਰ ਗੁਰੂ ਜੀ ਫਰੇਬਾਂ ਨੂੰ ਜਾਣਦੇ ਸਨ। ਪਰ ਸਿੱਖ ਭੁੱਖ ਦੁਖੋਂ ਆਤਰ ਸਨ। ਸਿੱਖਾਂ ਦੇ ਜ਼ੋਰ ਦੇਣ ਤੇ ਦਸੰਬਰ ਸਤਾਰਾਂ ਸੌ ਚਾਰ ਨੂੰ ਅਨੰਦਪੁਰ ਖਾਲੀ ਕਰ ਛਡਿਆ। ਕੁਝ ਸਿੰਘ ਪਹਿਲਾਂ ਹੀ ਬੇਦਾਵਾ ਦੇ ਗਏ ਸਨ। ਉਸ ਵੇਲੇ ਗੁਰੂ ਜੀ ਦੇ ਨਾਲ ਕੇਵਲ ਪੰਜ ਕੁ ਸੌ ਸਿੰਘ ਸਨ। ਸਿੰਘਾਂ ਦਾ ਵਹੀਰ ਕੀਤਰਪੁਰ ਤੋਂ ਅਗੇ ਲੰਘਿਆ ਹੀ ਸੀ ਕਿ ਮੁਗਲ ਫੌਜਾਂ ਨੇ ਕਸਮਾਂ ਭੁਲਾ ਕੇ ਹਲਾ ਬੋਲ ਦਿਤਾ। ਮੁਗਲ ਫੌਜ ਅਥਾਹ ਸੀ। ਸਿੱਖ ਜਾਨਾਂ ਹੂਲ ਕੇ ਲੜੇ। ਭਾਈ ਉਦੇ ਸਿੰਘ ਇਸ ਲੜਾਈ ਵਿਚ ਸ਼ਹੀਦ ਹੋ ਗਏ। ਸਰਸਾ ਚੜਿਆ ਹੋਇਆ ਤੇ ਸਿਆਲ ਦੀ ਵਰਖਾ ਨੇ ਰਾਹ ਰੋਕ ਲਿਆ। ਗੁਰੂ ਜੀ ਦਾ ਸਾਰਾ ਪਰਿਵਾਰ ਖਿੰਡ ਗਿਆ। ਮਾਤਾ ਸੁੰਦਰੀ ਤੇ ਮਾਤਾ ਸਾਹਿਬ ਕੌਰ ਸਰਸਾ ਨਦੀ ਪਾਰ ਕਰਕੇ ਸਿੱਖਾਂ ਦੀ ਸਹਾਇਤਾ ਨਾਲ ਦਿਲੀ ਵਲ ਨਿਕਲ ਗਏ। ਛੋਟੇ ਸਾਹਿਬਜਾਦੇ ਬਾਬਾ ਫਤਹਿ ਸਿੰਘ ਤੇ ਜੋਰਾਵਰ ਸਿੰਘ ਨੂੰ ਸਮੇਤ ਮਾਤਾ ਗੁਜਰੀ ਜੀ ਦੇ ਗੰਗੂ ਆਪਣੇ ਪਿੰਡ ਖੇੜੀ ਲੈ ਗਿਆ ਗੰਗੂ ਨੇ ਨਕਦੀ ਤੇ ਜੇਵਰ ਲੁਟੇ। ਮਾਇਆ ਨੂੰ ਹਜ਼ਮ ਕਰਨ ਲਈ ਛੋਟੇ ਸਾਹਿਬਜ਼ਾਦੇ ਫੜਾ ਦਿਤੇ। ਮੁਰੰਡੇ ਦੇ ਚੌਧਰੀਆਂ ਦੋਵੇਂ ਬਚਿਆ ਨੂੰ ਸੂਬੇਦਾਰ ਵਜੀਦ ਖਾਂ ਕੋਲ ਭੇਜ ਦਿਤਾ। ਵਜੀਦ ਖਾਂ ਨੇ ਤੇਰਾਂ ਪੋਹ ਮੰਗਲ ਵਾਲੇ ਦਿਨ ਬ੍ਰਾਹਮਣ ਸੁਚਾਨੰਦ ਦੀ ਪੇਸ਼ਕਸ਼ ਤੇ ਦੋਹਾਂ ਬਚਿਆਂ ਨੂੰ ਡਾਢੀ ਬੇਰਹਿਮੀ ਨਾਲ ਕਤਲ ਕਰ ਦਿਤਾ। ਇਹ ਸਤਾਰਾਂ ਸੌ ਚਾਰ ਦਾ ਸਾਕਾ ਹੈ। ਮਾਤਾ ਜੀ ਗਮ ਨ ਸਹਾਰ ਸਕੇ। ਬੁਰਜ ਤੋਂ ਡਿਗ ਕੇ ਅਕਾਲ ਚਲਾਣਾ ਕਰ



www.AKJ.Org

ਗਏ। ਸ਼ੇਰ ਮੁਹੰਮਦ ਖਾਨ ਦੇ ਸਿੱਖ ਰਿਣੀ ਹਨ ਜਿਸ ਨੇ ਹਾਅ ਦਾ ਨਾਅਰਾ ਮਾਰਿਆ ਸੀ। ਮੁਗਲ ਫੌਜਾਂ ਸਿੱਖਾਂ ਤੇ ਗੁਰੂ ਜੀ ਦਾ ਪਿਛਾ ਕਰ ਰਹੀਆਂ। ਸਿੰਘਾਂ ਨੂੰ ਚਮਕੌਰ ਦੀ ਕਚੀ ਹਵੇਲੀ ਵਿਚ ਵੈਰੀ ਫੌਜ ਨੇ ਘੇਰ ਲਿਆ। ਸਿੰਘਾਂ ਨੇ ਘਮਸਾਨ ਦਾ ਜੁਧ ਕੀਤਾ। ਦੋਵੇਂ ਵਡੇ ਸਾਹਿਬਜਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਇਥੇ ਸ਼ਹੀਦ ਹੋਏ। ਚਾਲੀ ਸਿੰਘਾਂ ਨੇ ਦਸ ਲਖ ਦੀ ਮੁਗਲ ਫੋਜ ਨੂੰ ਅਠ ਪਹਿਰ ਤੀਕ ਵਖਤ ਪਾਈ ਰਖਿਆ। ਕਚੀ ਗੜੀ ਸਰ ਨਾ ਹੋਣ ਦਿਤੀ ਸੰਸਾਰ ਵਿਚ ਚਮਕੌਰ ਦੇ ਸਮਾਨ ਕੋਈ ਸਾਕਾ ਨਹੀਂ। ਇਹ ਖਾਲਸੇ ਦਾ ਕਰਬਲਾ ਹੈ। ਸਪਾਰਟਾ ਦੇ ਜੋਧੇ ਮਾਤ ਪਾ ਦਿਤੇ। ਰਾਤ ਨੂੰ ਬਾਕੀ ਬਚੇ ਪੰਜ ਸਿੱਖਾਂ ਦੀ ਆਗਿਆ ਅਨੁਸਾਰ ਗੁਰੂ ਜੀ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਮਾਨ ਸਿੰਘ ਸਮੇਤ ਗੜੀ ਚੋ ਨਿਕਲ ਗਏ। ਹਵੇਲੀ ਦੀ ਬਾਹਰਲੀ ਕੰਧ ਸਤਿ ਗੁਰੂ ਜੀ ਛਾਲ ਮਾਰ ਕੇ ਟੱਪ ਗਏ। ਧਰੂਅ ਤਾਰੇ ਦੀ ਸੇਧ ਰਖ ਕੇ ਸਫਰ ਕਰਦੇ ਗਏ। ਮਾਲਵੇ ਵਲ ਨਿਕਲ ਗਏ।ਭਾਈ ਸੰਗਤਸਿੰਘ ਨੂੰ ਗੜੀ ਵਿਚ ਸ਼ਹੀਦ ਹੋਣ ਲਈ ਛਡ ਗਏ। ਵੈਰੀ ਗੁਰੂ ਜੀ ਨੂੰ ਕਾਬੂ ਨਾ ਕਰ ਸਕੇ। ਇਹ ਗੁਰੂ ਜੀ ਦੀ ਭਾਰੀ ਫਤਹਿ ਸੀ। ਗੁਰੂ ਜੀ ਜੀਉਂਦੇ ਹਥ ਨਾ ਆ ਸਕੇ। ਚਮਕੌਰ ਤੋਂ ਗੁਰੂ ਜੀ ਮਾਛੀਵਾੜੇ ਆਏ। ਬਾਕੀ ਦੇ ਤਿੰਨ ਸਿੰਘ ਭਾਈ ਧਰਮ ਸਿੰਘ ਭਾਈ ਦਇਆ ਸਿੰਘ, ਭਾਈ ਮਾਨ ਸਿੰਘ ਗੁਰੂ ਜੀ ਨੂੰ ਮਾਛੀਵਾੜੇ ਮਿਲੇ। ਗਨੀ ਖਾਨ ਤੇ ਨਬੀ ਖਾਣ ਗੁਰੂ ਜੀ ਨੂੰ ਮਿਲੇ। ਇਹ ਸ਼ਰਧਾਲੂ ਪਠਾਣ ਸਨ। ਘੋੜਿਆਂ ਦੇ ਵਪਾਰੀ ਸਨ। ਸਤਿਗੁਰੂ ਜੀ ਨੂੰ ਨੀਲਾ ਬਾਣਾ ਪਹਿਨਾਕੇ ਉਚ ਦਾ ਪੀਰਣਾਕੇ ਘੇਰੇ ਚੋਂ ਕਢ ਲੈ ਗਏ। ਕਾਜੀ ਪੀਰ ਮਹੰਮਦ ਨੇ ਗੁਆਹੀ ਦਿਤੀ। ਭੇਦ ਖੁਲ੍ਹਣ ਨਾ ਦਿਤਾ। ਜਗਰਾਓਂ ਤੇ ਰਾਏਕੋਟਹੁੰ ਦੇ ਜਟਪੁਰੇ ਜਾ ਪੁਜੇ। ਇਥੋਂ ਦੇ ਮੁਸਲਮਾਨ ਹਾਕਮ ਰਾਇਕਲਾ ਨੇ ਗੁਰੂਜੀ ਦੀ ਮਦਦ ਕੀਤੀ। ਸਰਹੰਦ ਤੋਂ ਛੋਟੇ ਸਾਹਿਬਜਾਦਿਆਂ ਦੀ ਖਬਰ ਮੰਗਵਾਈ। ਮਾਹੀ ਹਰਕਾਰੇ ਨੇ ਸ਼ਹੀਦੀ ਦੀ ਖਬਰ ਸੁਣਾਈ। ਜਟਪੁਰੇ ਤੋਂ ਲਖੀ ਜੰਗਲ ਆਏ। ਖਿਦਰਾਣੇ ਦੀ ਢਾਬ ਤੇ ਚਾਲੀ ਮੁਕਤੇ ਲੜੇ। ਵਜੀਦਖਾਂ ਦੀ ਫੌਜ ਭਜ ਗਈ। ਮਾਈ ਭਾਗੋ ਨੇ ਵੈਰੀਆਂ ਨੂੰ ਮਾਰ ਭਜਾਇਆ। ਉਥੋਂ ਤਲਵੰਡੀ ਸਾਹਿਬੋ ਆਏ। ਇਥੇ ਭਾਈ ਮਨੀ ਸਿੰਘ ਜੀ ਤੋਂ ਸ੍ਰੀ ਗੁਰੂ ਗਰੰਥ ਸਾਹਿਬ ਦੀ ਬੀੜ ਲਿਖਵਾਈ। ਤਲਵੰਡੀ ਸਾਹਿਬੋਂ ਜਾਂਦਿਆਂ ਜਦੋਂ ਗੁਰੂ ਜੀ ਦੀਨੇ ਪਿੰਡ ਠਹਿਰੇ ਹੋਏ ਸਨ ਤਦ ਆਪ ਜੀ ਨੇ ਜਫਰਨਾਮਾ ਲਿਖ ਕੇ ਔਰਗਜ਼ੇਬ ਕੋਲ ਭੇਜਿਆ। ਇਹ ਫਤਹਿ ਦੀ ਚਿਠੀ ਸੀ। ਔਰੰਗਜੇਬ ਦੀ ਜ਼ਾਲਮ ਧੋਖੇ ਬਾਜ ਹਕੂਮਤ ਦਾ ਪਾਜ ਉਘਾੜਿਆ। ਜਦੋਂ ਗੁਰੂ ਜੀ ਬਘੌਰ ਰਾਜਸਥਾਨ ਪੁਜੇ ਤਾਂ ਆਪ ਜੀ ਨੂੰ ਖਬਰ ਮਿਲੀ ਕਿ ਔਰੰਗਜੇਬ ਮਰ ਗਿਆ ਹੈ। ਖਬਰ ਸੁਣ ਕੇ ਦਿਲੀ ਵਲ ਮੁੜ ਪਏ। ਰਾਹ ਵਿਚ ਭਾਈ ਦਇਆ ਸਿੰਘ ਜੀ ਦਿਲੀ ਜਾਂਦੇ ਆਪ ਨੂੰ ਮਿਲ ਗਏ। ਇਸ ਤੋਂ ਪਹਿਲਾਂ ਗੁਰੂ ਜੀ ਬੀਕਾਨੇਰ ਤੇ ਰਾਜਪੂਤਾਨੇ ਦੇ ਰਸਤੇ ਦਖਣ ਜਾ ਰਹੇ ਸਨ। ਗੁਰੂ ਜੀ ਦਾ ਰਾਹ ਵਿਚੋਂ ਵਾਪਸ ਮੁੜ ਜਾਣਾ ਸਾਬਤ ਕਰਦਾ ਹੈ ਕਿ ਦਖਣ ਜਾਣ ਦਾ ਮੰਤਵ ਕੇਵਲ ਬਾਦਸ਼ਾਹ ਨੂੰ ਮਿਲ ਕੇ ਵਜੀਦ ਖਾਨ, ਸੂਬਾ ਸਰਹੰਦ ਦੇ ਖਿਲਾਫ਼ ਇਨਸਾਫ ਦੀ ਮੰਗ ਕਰਨਾ ਸੀ। ਹੋਰ ਕੋਈ ਮੰਤਵ ਨਹੀਂ ਸੀ। ਗੁਰੂ ਜੀ ਦਾ ਬਹਾਦਰ ਸ਼ਾਹ ਨੇ ਆਗਰੇ ਦੇ ਕਿਲੇ ਵਿਚ ਸ਼ਾਹੀ ਸਵਾਗਤ ਕੀਤਾ। ਕੁਝ ਕੀਮਤੀ ਵਸਤਾਂ ਸਿਰੋਪੇ ਭੇਟ ਕੀਤੇ। ਬਹਾਦਰ ਸ਼ਾਹ ਨੇ ਗੁਰੂ ਜੀ ਦੀ ਮਦਦ ਨਾਲ ਗਦੀ ਪ੍ਰਾਪਤ ਕਰ ਲਈ ਸੀ ਪਰ ਉਹ ਗੁਰੂ ਜੀ ਦੀ ਅਸਲ ਮੰਗ ਪੂਰੀ ਨਾ ਕਰ ਸਕਿਆ। ਉਹ ਸੀ ਵਜੀਦ ਖਾਂ ਨੂੰ ਦੰਡ ਦੇਣ ਦੀ ਪੇਸ਼ਕਸ਼। ਗੁਰੂ ਜੀ ਬਹਾਦਰ ਸ਼ਾਹ ਤੋਂ ਨਿਰਾਸ਼ ਹੋ ਕੇ ਉਸਦੀਆਂ ਫੌਜਾਂ ਨਾਲੋਂ ਅੱਡ ਹੋ ਕੇ ਨੰਦੇੜ ਜਾ ਰਹੇ। ਨਦੇੜ ਵਿਚ ਰਹਿੰਦੇ ਇਕ



www.AKJ.Org

ਬੈਰਾਗੀ ਸਾਧੂ ਲਛਮਨ ਦਾਸ ਨੂੰ ਅੰਮ੍ਰਿਤ ਛਕਾ ਕੇ ਪੰਜਾਬ ਵਲ ਟੋਰਿਆ। ਉਹ ਬੰਦਾ ਸਿੰਘ ਬਹਾਦਰ ਅਖਵਾਇਆ ਜਿਸਨੇ ਮੁਗਲ ਰਾਜ ਨੂੰ ਜੜ੍ਹੋਂ ਪੁਟ ਕੇ ਰਖ ਦਿਤਾ। ਗੁਰੂ ਜੀ ਦੇ ਜੀਵਨ ਦੀ ਆਖਰੀ ਘਟਨਾ ਦੁਖਾਂਤਕ ਹੈ। ਵਜੀਦ ਖਾਨ ਦੇ ਭੇਜੇ ਦੋ ਪਠਾਣ ਜਿਹਨਾਂ ਦੇ ਨਾਂ ਗੁਲ ਖਾਂ ਤੇ ਅਤਾਉਲ ਉਲਾ ਸਨ, ਇਕ ਦਿਨ ਮੌਕਾ ਪਾ ਕੇ ਗੁਰੂ ਜੀ ਉਤੇ ਵਾਰ ਕਰ ਦਿਤਾ। ਇਕ ਪਠਾਣ ਗੁਲ ਖਾਂ ਨੂੰ ਗੁਰੂ ਜੀ ਨੇ ਪਾਰ ਬੁਲਾ-ਲਿਆ। ਦੂਜੇ ਨੂੰ ਸਿੰਘਾਂ ਨੇ ਜਾ ਲਿਆ। ਬਹਾਦਰ ਸ਼ਾਹ ਨੇ ਸ਼ਾਹੀ ਜਰਾਹ ਭੇਜਿਆ। ਜਖਮ ਸੀਤਾ ਗਿਆ। ਇਕ ਦਿਨ ਤੀਰ ਦਾ ਚਿਲਾ ਚੜ੍ਹਾਉਣ ਲਗਿਆਂ ਤੋਪੇ ਟੁਟ ਗਏ। ਸਤ ਅਕਤੂਬਰ ਸਤਾਰਾਂ ਸੌ ਅਠ ਵੀਰ-ਵਾਰ ਵਾਲੇ ਦਿਨ ਅਧੀ ਰਾਤ ਮਗਰੋਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਗੁਰ ਗਦੀ ਸੰਭਾਲ ਕੇ ਆਪ ਜੋਤੀ ਜੋਤ ਸਮਾ ਗਏ। ਜੋ ਜੋਤ ਪੂਰਬ ਚੋਂ ਉਠੀ ਸੀ ਦੱਖਣ ਵਿਚ ਜਾ ਕੇ ਪਰਮ ਜੋਤ ਵਿਚ ਸਮਾ ਗਈ।

## ਬਸੰਤ ਮਹਲਾ ੫ ਘਰੁ ੧ ਦੁਤੁਕੇ

ਗੁਰ ਸੇਵਉ ਕਰਿ ਨਮਸਕਾਰ॥
ਆਜੁ ਹਮਾਰੈ ਮੰਗਲਚਾਰ॥
ਆਜੁ ਹਮਾਰੈ ਮਹਾ ਅਨੰਦ॥
ਚਿੰਤ ਲਥੀ ਭੇਟੇ ਗੋਬਿੰਦ॥ ੧॥
ਆਜੁ ਹਮਾਰੈ ਗ੍ਰਿਹਿ ਬਸੰਤ॥
ਗੁਨ ਗਾਏ ਪ੍ਰਭ ਤੁਮ੍ਹ ਬੇਅੰਤ॥ ੧॥ ਰਹਾਉ॥
ਆਜੁ ਹਮਾਰੈ ਬਨੇ ਫਾਗ॥
ਪ੍ਰਭ ਸੰਗੀ ਮਿਲਿ ਖੇਲਨ ਲਾਗ॥
ਹੋਲੀ ਕੀਨੀ ਸੰਤ ਸੇਵ॥
ਰੰਗੁ ਲਾਗਾ ਅਤਿ ਲਾਲ ਦੇਵ॥
ਮਨੁ ਤਨੁ ਮਉਲਿਓ ਅਤਿ ਅਨੂਪ॥
ਸੂਕੈ ਨਾਹੀ ਛਾਵ ਧੂਪ॥
ਸਗਲੀ ਰੂਤੀ ਹਰਿਆ ਹੋਇ॥
ਸਦ ਬਸੰਤ ਗੁਰ ਮਿਲੇ ਦੇਵ॥ ੩॥
ਬਿਰਖੁ ਜਮਿਓ ਹੈ ਪਾਰਜਾਤ॥
ਫੂਲ ਲਗੇ ਫਲ ਰਤਨ ਭਾਂਤਿ॥
ਤ੍ਰਿਪਤਿ ਅਘਾਨੇ ਹਰਿ ਗੁਣਹ ਗਾਇ॥
ਜਨ ਨਾਨਕ ਹਰਿ ਹਰਿ ਹਰਿ ਧਿਆਇ॥ ੪॥ ੧॥



www.AKJ.Org

# ਮਨ ਮਾਰਿ ਤੁਹੀ ਨਿਰੰਜਨਾ

ਲੇਖਕ :—ਮਾਸਟਰ ਜਸਵੰਤ ਸਿੰਘ ਜੀ ਬੀ. ਏ.

ਸਤਿਗੁਰੂ ! ਤੂੰ ਕਾਦਰਿ-ਹਰ-ਕਾਰ ਹੈਂ । ਤੂ ਆਪਣੇ ਸਿਖ ਤੇ ਸਦਾ ਦਇਆਲੂ ਹੈਂ । ਇਹ ਗੱਲ ਬਿਲਕੁਲ ਸਹੀ ਹੈ ਕਿ 'ਤੁਮ ਸਮਸਰਿ ਨਾਹੀ ਦਇਆਲੁ ਕੋ' ਅਤੇ 'ਮੋਹਿ ਸਮਸਰਿ ਪਾਪੀ' ਭੀ ਕਿਸੇ ਕਰਮ-ਭੂਮੀ ਵਿਚ ਨਹੀਂ ਮਿਲਣ ਲੱਗਾ । ਕੇਵਲ ਇਹਾ ਆਸ-ਧਰਵਾਸ ਹੈ ਕਿ ਤੇਰਾ ਸਿਖ ਸਦਵਾਂਦਾ ਹਾਂ । ਮੇਰੇ ਕੇਸ, ਮੇਰਾ ਵੇਸ, ਮੇਰੀ ਕਿਰਪਾਨ, ਮੇਰਾ ਖਾਨ ਪਾਨ ਪਹਿਰਾਨ, ਮੈਨੂੰ ਬਦੋਬਦੀ ਤੇਰੇ ਨਾਲ ਸੰਬੰਧਤ ਕਰਦੇ ਹਨ : ਫਿਰ ਤੇਰਾ ਅੰਮ੍ਰਿਤ ਭੀ ਪਾਨ ਕੀਤਾ ਹੈ, ਪੰਜ ਛੇ ਸਾਲ ਹੋ ਗਏ ਹੋਣਗੇ । ਪ੍ਰੰਤੂ ਚੰਚਲ ਤੇ ਚਲਾਇਮਾਨ ਮਨ ਵਸ ਨਹੀਂ ਆਇਆ । ਮੇਰੇ ਗਾਇਕ ਬੰਧਨ ਟੁੱਟੇ ਨਹੀਂ ਹਨ । ਸਚੇ ਪਾਤਸ਼ਾਹ ! "ਤੁਮਹਿ ਛਡਾਵਹੁ ਛੁਟਕਹਿ ਬੰਧ" । ਮੈਂ ਅਨੇਕਾਂ ਯਤਨ ਕੀਤੇ ਹਨ, ਪਰ ਪੰਜ ਵਿਸ਼ੇਸ਼ ਵੈਰੀਆਂ ਤੇ ਜਿਤ ਨਹੀਂ ਪ੍ਰਾਪਤ ਕਰ ਸਕਿਆ, ਜ਼ਰੂਰ ਮੇਰੇ ਜ਼ਤਨਾਂ ਵਿਚ ਕੋਈ ਖਾਮੀ ਹੈ । ਪਰ ਅੰਤਰਜਾਮੀ ਪਿਤਾ ਜੀ ! ਤੁਸੀਂ ਤਾਂ ਪੂਰਨ ਹੋ ਤੇ ਕਰਨ ਕਾਰਨ ਸਮੱਰਥ ਹੋ ! ਇਹ ਠੀਕ ਹੈ ਕਿ ਮੇਰੇ ਨਾਮ ਜਪਣ ਵਿਚ ਮੇਰੀ ਭਗਤੀ ਵਿਚ ਬਹੁਤ ਕਮੀਆਂ ਹਨ, ਪਰ ਸਿਖ ਦੀਆਂ ਕਮੀਆਂ ਕੌਣ ਦੂਰ ਕਰੇ ? ਸਚੀ ਸੁਧ ਭਗਤੀ ਤਾਂ ਹੋਵੇ ਜੇ ਮਨ ਮਾਇਆ ਦੇ ਜਾਇਆਂ ਦੇ ਸਾਇਆਂ ਤੋਂ ਮੁਕਤ ਹੋਵੇ । ਮਹਾਰਾਜਾ ਮੈਂ ਇਸ ਮਨ ਤੇ ਇਸ ਦੇ ਪਰਵਾਰ ਤੋਂ ਬਹੁਤ ਦੁਖੀ ਹਾਂ । ਸਤਿਗੁਰੂ ਸਾਹਿਬ ਜੀ ! ਕੇਵਲ ਆਪ ਹੀ ਪੂਰੇ ਸੂਰੇ ਗੁਰੂ ਹੋ। ਆਪਣਾ ਸਿਖ ਪੁੱਤਰ ਸਮਝ ਕੇ ਪ੍ਰਤਿਪਾਲ ਕਰੋ, 'ਜਿਉਂ ਰਾਖੈ ਮਹਤਾਰੀ ਬਾਰਿਕ ਕਉ ਤੈਸੇ ਹੀ ਪ੍ਰਭ ਪਾਲ ।' ਤੇਰੀ ਕਿਰਪਾ ਨਾਲ ਮੈਨੂੰ ਮਾਲੂਮ ਹੋ ਗਿਆ ਹੈ, ਇਹ ਮਨ ਤਤਕਾਲ ਵੀ ਵੱਸ ਆ ਸਕਦਾ ਹੈਂ । ਸੋ ਤਤਕਾਲ ਹੀ ਇਸ ਨੂੰ ਕਾਬੂ ਕਰੋ ਜੀ ! ਮੈਂ ਇਸ ਤੋਂ ਬਹੁਤ ਦੁਖੀ ਹਾਂ ਜੀ ! ਤੂੰ ਹੀ ਨਿਰੰਜਨ ਹੈਂ ! ਤੂੰ ਹੀ ਮਾਰ ਇਸ ਸ਼ੈਤਾਨ ਨੂੰ ! ਇਹ ਬਹੁਤ ਖੁਆਰ ਕਰ ਰਿਹਾ ਹੈ, ਤੇਰੇ ਇਸ ਭੇਖਧਾਰੀ ਨੂੰ !

ਭਗਤਿ ਹੀਣ ਭਾਵੇਂ ਹੋਵਾਂ, ਪਰ ਭੇਖ ਹੀਣ ਨਹੀਂ ਹਾਂ ।  
ਇਸ ਭੇਖ ਦੀ ਲੱਜ਼ਾ ਰਖ, ਰਖਵਾ ਪਾਤਸ਼ਾਹ ।

ਮੀਹੁ ਪਇਆ ਪਰਮੇਸਰਿ ਪਾਇਆ ॥ ਜੀਅ ਜੰਤ ਸਭਿ ਸੁਖੀ ਵਸਾਇਆ ॥  
ਗਇਆ ਕਲੇਸ ਭਇਆ ਸੁਖੁ ਸਾਚਾ ॥ ਹਰਿ ਹਰਿ ਨਾਮੁ ਸਮਾਲੀ ਜੀਉ ॥ ੧ ॥  
ਜਿਸ ਕੇ ਸੇ ਤਿਨ ਹੀ ਪ੍ਰਤਿਪਾਰੇ ॥ ਪਾਰਬ੍ਰਹਮ ਪ੍ਰਭ ਭਏ ਰਖਵਾਰੇ ॥  
ਸੁਣੀ ਬੇਨੰਤੀ ਠਾਕੁਰਿ ਮੇਰੈ ਪੂਰਨ ਹੋਈ ਘਾਲੀ ਜੀਉ ॥ ੨ ॥  
ਸਰਬ ਜੀਆ ਕਉ ਦੇਵਣਹਾਰਾ ॥ ਗੁਰਪਰਸਾਦੀ ਨਦਰਿ ਨਿਹਾਰਾ ॥  
ਜਲ ਥਲ ਮਹੀਅਲ ਸਭਿ ਤ੍ਰਿਪਤਾਣੇ ਸਾਧੂ ਚਰਨ ਪਖਾਲੀ ਜੀਉ ॥ ੩ ॥  
ਮਨ ਕੀ ਇਛਾ ਪੁਜਾਵਣ ਹਾਰਾ ॥ ਸਦਾ ਸਦਾ ਜਾਈ ਬਲਿਹਾਰਾ ॥  
ਨਾਨਕ ਦਾਨੁ ਕੀਆ ਦੁਖ ਭੰਜਨਿ ਰਤੇ ਰੰਗਿ ਰਸਾਲੀ ਜੀਉ ॥ ੪ । ੩੨ ॥

(ਸੰਪਾਦਕੀ ਨੋਟ :—ਇਹ ਅਰਦਾਸ ਹਰ ਏਕ ਗੁਰ ਸਿਖ ਲਈ ਹੈ । ਅਸਾਂ ਸਭਸ ਨੂੰ ਆਪਣੀ ਹਉਮੈ ਤੋਂ ਛੁਟਕਾਰਾ ਪਾਉਣ ਲਈ ਇਉਂ ਗੁਰੂ ਚਰਨਾਂ ਵਿਚ ਜੋਦੜੀਆਂ ਕਰਨ ਦੀ ਲੋੜ ਹੈ, ਨਹੀਂ ਤਾਂ ਆਪਣੇ ਆਪ ਵਿਚ ਕੁਝ ਬਣ ਬਹਿਣ ਵਿਚ ਘਾਟਾ ਹੀ ਘਾਟਾ ਹੈ । ਆਪਾ ਨਿਵਾਰ ਕੇ ਹੀ ਕੁਝ ਲਭਣਾ ਹੈ ।)



www.AKJ.Org

ੴ ਵਾਹਿਗੁਰੂ ਜੀ ਕੀ ਫਤਹ ॥

ਆਉ ਜੀ ਤੂ ਆਉ ਹਮਾਰੈ, ਹਰਿ ਜਸ ਸ੍ਰਵਨ ਸੁਨਾਵਨਾ ॥
ਤੁਧ ਆਵਤ ਮੇਰਾ ਮਨ ਤਨ ਹਰਿਆ, ਹਰਿ ਜਸ ਤੁਮ ਸੰਗਿ ਗਾਵਨਾ ॥

ਪਟਿਆਲਾ ਵਿਖੇ

# ਸਾਲਾਨਾ ਅਖੰਡ ਕੀਰਤਨ ਸਮਾਗਮ

ਗੁਰਸਿੱਖ ਮੀਤ ਪਿਆਰੇ ਜੀਓ !

ਦੂਇ ਕਰ ਜੋੜ ਬਿਨੇ ਹੈ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ੨੫, ੨੬, ੨੭ ਮਾਰਚ, ੧੯੭੨ ਨੂੰ ਹੇਠ ਲਿਖੇ ਅਨੁਸਾਰ ਅਮਰ ਆਸ਼ਰਮ ਪਟਿਆਲਾ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ ਅਖੰਡ ਕੀਰਤਨੀ ਜਥਾ ਪਟਿਆਲਾ ਵਲੋਂ ਛਤਰਾਣਾ, ਡਾਲੋ ਮਾਜਰਾ ਦੀਆਂ ਸੰਗਤਾ ਦੇ ਸਹਿਯੋਗ ਨਾਲ ਹੋਣੇ ਨੀਅਤ ਹੋਏ ਹਨ। ਇਨ੍ਹਾਂ ਸਮਾਗਮਾਂ ਵਿਚ ਹਿੰਦੁਸਤਾਨ ਭਰ 'ਚੋਂ ਅਖੰਡ ਕੀਰਤਨੀ ਜਥੇ ਹੁਮ ਹੁਮਾ ਕੇ ਪੁਜ ਰਹੇ ਹਨ। ਆਪ ਜੀ ਪ੍ਰਤੀ ਸਮੇਤ ਪ੍ਰਵਾਰ ਅਤੇ ਮਿੱਤਰ ਸਬੰਧੀਆਂ ਦੇ ਇਸ ਸਮਾਗਮ ਵਿਚ ਕੀਰਤਨ ਦੇ ਲਾਹੇ ਲੈਣ ਲਈ ਪੁਰਜ਼ੋਰ ਬਿਨੈ ਹੈ।

— ਪਰੋਗਰਾਮ —

੨੩ ਮਾਰਚ, ੧੯੭੨ (ਅਮਰ ਆਸ਼ਰਮ ਪਟਿਆਲਾ ਵਿਖੇ)

| | |
|---|---|
| ਕੀਰਤਨ ਆਸਾ ਦੀ ਵਾਰ ਉਪਰੰਤ ਆਰੰਭ ਸ੍ਰੀ ਅਖੰਡ ਪਾਠ ਸਾਹਿਬ | ਸਵੇਰੇ ੮ ਵਜੇ |
| ੨੫ ਮਾਰਚ, ੧੯੭੨ ਸਮਾਪਤੀ ਸ੍ਰੀ ਅਖੰਡ ਪਾਠ ਸਾਹਿਬ | ਸਵੇਰੇ ੬ ਵਜੇ |
| ਉਪਰੰਤ ਕੀਰਤਨ ਆਸਾ ਦੀ ਵਾਰ ਚਲ ਸੋ ਚਲ | ਸ਼ਾਮ ੮ ਤੋਂ ੧੦ ਵਜੇ ਤਕ |
| ੨੬ ਮਾਰਚ, ੧੯੭੨ ਐਤਵਾਰ ਹਜ਼ੂਰੀ ਕੀਰਤਨ | ਸਵੇਰੇ ੫ ਤੋਂ ੧੨ ਵਜੇ ਤਕ |

(ਗੁਰਦਵਾਰਾ ਦੂਖ ਨਿਵਾਰਨ ਸਾਹਿਬ ਵਿਖੇ)

| | |
|---|---|
| ਅਮਰ ਆਸ਼ਰਮ ਪਟਿਆਲਾ ਵਿਖੇ ਅੰਮ੍ਰਿਤ ਸੰਚਾਰ ਆਰੰਭ | ਦੁਪਹਿਰ ੩ ਵਜੇ |
| ਆਰੰਭ ਰੈਣ ਸਬਾਈ ਕੀਰਤਨ | ਰਾਤ ੮ ਵਜੇ |
| ੨੭ ਮਾਰਚ, ੧੯੭੨ ਸੋਮਵਾਰ ਸਮਾਪਤੀ ਰੈਣ ਸਬਾਈ ਕੀਰਤਨ | ਸਵੇਰੇ ੮ ਵਜੇ |

ਨੋਟ : ੧. ਲੋੜ ਅਨੁਸਾਰ ਬਿਸਤਰੇ ਨਾਲ ਲੈ ਆਉਣ ਦੀ ਖੇਚਲ ਕਰਨੀ ਜੀ।

੨. ਬਾਹਰੋਂ ਆਈਆਂ ਸੰਗਤਾਂ ਲਈ ਰਿਹਾਇਸ਼ ਤੇ ਲੰਗਰ ਅਮਰ ਆਸ਼ਰਮ ਪਟਿਆਲਾ ਵਿਖੇ ਹੋਵੇਗਾ।



www.AKJ.Org

੩. ਅੰਮ੍ਰਿਤ ਸੰਚਾਰ ੨੬ ਮਾਰਚ, ੧੯੭੨ ਐਤਵਾਰ ਨੂੰ ਦੁਪੈਹਰ ੩ ਵਜੇ ਹੋਵੇਗਾ । ਅੰਮ੍ਰਿਤ ਅਭਿਲਾਖੀ ਸਜਣ ਤਿਆਰ ਹੋ ਕੇ ਸਮੇਂ ਸਿਰ ਪੁਜਣ ਦੀ ਕਿਰਪਾਲਤਾ ਕਰਨ ।

ਪੁਛ ਗਿਛ ਲਈ :—
ਸੁਰਜਨ ਸਿੰਘ' ਮਾਰਫਤ ਰਾਮ ਸਿੰਘ,
ਨਸੀਰਪੁਰ ਫ਼ਾਰਮ, ਡਾ: ਪੰਜਾਬੀ ਯੂਨੀਵਰਸਟੀ, ਪਟਿਆਲਾ ।

ਦਰਸ਼ਨ ਅਭਿਲਾਖੀ: —
ਅਖੰਡ ਕੀਰਤਨੀ ਜੱਥਾ, ਪਟਿਆਲਾ

## ਕੋਟਾ [ਰਾਜਸ਼ਥਾਨ] ਵਿਖੇ ਸਮਾਗਮ

੧੬—੧੯ ਮਾਰਚ

ਗੁਰਗਦੀ ਤੇ ਬਿਰਾਜਮਾਨ, ਜੁਗੋ ਜੁਗ ਅਟੱਲ, ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਅਪਾਰ ਕ੍ਰਿਪਾ ਦਾ ਸਦਕਾ ਕੋਟਾ (ਰਾਜਸਥਾਨ) ਵਿਖੇ ਅਖੰਡ ਕੀਰਤਨ ਸਮਾਗਮ ਹੋਣਾ ਨੀਅਤ ਹੋਇਆ ਹੈ । ਵੇਰਵਾ ਇਸ ਪ੍ਰਕਾਰ ਹੈ :—

(ੳ) ਕੀਰਤਨ ਅੰਮ੍ਰਿਤ ਵੇਲੇ ਤੋਂ ਦੁਪਹਿਰ ਤਕ ੧੬, ੧੭, ੧੮ ਮਾਰਚ
(ਅ) ਕੀਰਤਨ ਰੈਣ ਸਬਾਈ — — — ੧੮, ੧੯ ਮਾਰਚ ਦੀ ਰਾਤ
(ੲ) ਅੰਮ੍ਰਿਤ ਸੰਚਾਰ — — — ੧੮ ਮਾਰਚ ਸ਼ਾਮ ਨੂੰ ੪ ਵਜੇ ਅਰੰਭ

ਸਮਾਗਮ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ, ਕੋਟਾ ਜੰਕਸ਼ਨ ਵਿਖੇ ਹੋਵੇਗਾ । ਸੰਗਤਾਂ ਦੀ ਰਿਹਾਇਸ਼ ਭੀ ਗੁਰਦਵਾਰੇ ਸਾਹਿਬ ਦੇ ਨੇੜੇ ਹੀ ਹੋਵੇਗੀ । ਗੁਰਦਵਾਰਾ ਸਾਹਿਬ ਰੇਲਵੇ ਸਟੇਸ਼ਨ ਕੋਟਾ ਜੰਕਸ਼ਨ ਦੇ ਨੇੜੇ ਹੀ ਹੈ । ਸਰਬਤ ਸੰਗਤਾਂ ਦਿਆਂ ਚਰਨਾਂ ਵਿਚ ਬੇਨਤੀ ਹੈ ਕਿ ਆਇ ਦੀਦਾਰ ਬਖਸ਼ਣ ਤੇ ਹਰਜਸ ਦੇ ਲਾਹੇ ਲੈਣ ।

ਦਰਸ਼ਨ ਅਭਲਾਸ਼ੀ :
ਦਾਸਰੇ
ਨਿਰਬਾਣ ਕੀਰਤਨੀ ਜਥਾ ਕੋਟਾ

## ☬ ਸਿਮਰਨੇ ਤੇ ਖੰਡੇ ☬

ਅਸੀਂ ਸਰਬ ਲੋਹ ਦੇ ਵਧੀਆ ਸਿਮਰਨੇ, ਖੰਡੇ (ਦਸਤਾਰ ਉਤੇ ਸਜਾਉਣ ਵਾਲੇ) ਤੇ ਜੋੜਿਆਂ ਦੇ ਨੰਬਰ ਤਿਆਰ ਕਰਦੇ ਹਾਂ ।

ਮਿਲਣ ਦਾ ਪਤਾ ਇਹ ਹੈ :—

ਕ੍ਰਿਪਾਲ ਸਿੰਘ, ਖ਼ਾਲਸਾ ਨਿਸ਼ਾਨ ਮੇਕਰ,
90, ਲਾਲ ਕੁਆਰਟਰ, ਆਜ਼ਾਦ ਨਗਰ, ਮਾਰਕੀਟ,
ਲੁਧਿਆਣਾ ।



www.AKJ.Org

# ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦਾ ਹੋਲੇ ਮਹਲੋ ਦਿਵਸ–ਦੀਦਾਰੇ ਮੁਕਦਸ

(ਭਾਈ ਸਾਹਿਬ ਭਾਈ ਨੰਦ ਲਾਲ ਸਿੰਘ ਜੀ "ਗੋਯਾ")

ਕਸੇ ਕੋ ਦੀਦ ਦੀਦਾਰੇ ਮੁਕੱਦਸ।
ਮੁਰਾਦੇ ਉਮਰ ਰਾ ਹਾਸਿਲ ਲਿਕੋ ਕਰਦ॥

ਸਾਹੀ ਗਜ਼ਲ

ਗੁਲੇ ਹੋਲੀ ਬਬਾਗ਼ੇ ਦਹਰ ਬੂ ਕਰਦ।
ਲਬੇ ਚੂੰ ਗੁੰਚਾ ਹਾ ਫ਼ਰਖੰਦਾ ਖ਼ੁ ਕਰਦ॥
ਗੁਲਾਬੋ ਅੰਬਰੋ ਮੁਸ਼ਕੋ ਅਬੀਰੋ।
ਚੂੰ ਬਾਰਾਂ ਬਾਰਸ਼ੇ ਅਜ਼ਸੂ ਬਸੂ ਕਰਦ॥
ਜ਼ਹੇ ਪਿਚਕਾਰੀ ਏ ਪੁਰ ਜ਼ਅ ਫ਼ਰਾਨੀ।
ਕਿਹਰ ਬੇਰੰਗ ਰਾ ਖ਼ੁਸ਼ ਰੰਗੋ ਬੂ ਕਰਦ॥
ਗੁਲਾਲ ਅਫ਼ਸ਼ਾਨੀ ਅਜ਼ ਦਸਤੇ ਮੁਬਾਰਕ।
ਜ਼ਮੀਨੋਂ ਆਸਮਾਂ ਰਾ ਸੁਰਖਰੂ ਕਰਦ॥
ਦੋ ਆਲਮ ਰਾਸ਼ਤ ਰੰਗੀਂ ਅਜ਼ ਤੁਫੈਲਸ਼।
ਚੁ ਸ਼ਾਹਮ ਜਾਮਾ ਰੰਗੀਂ ਦਰਗੁਲੂ ਕਰਦ॥
ਕਸੇ ਕੁ ਦੀਦ ਦੀਦਾਰੇ ਮੁਕੱਦਸ।
ਮੁਰਾਦੇ ਉਮਰ ਰਾ ਹਾਸਿਲ ਨਿਕੋ ਕਰਦ॥
ਸ਼ਵਦ ਕੁਰਬਾਨੇ ਖਾਕੇ ਰਾਹੇ ਸੰਗਤ।
ਦਿਲੇ ਗੋਯਾ ਹਮੀਂ ਬਸ ਆਰਜ਼ੂ ਕਰਦ॥

(ਭਾਈ ਸਾਹਿਬ ਹਰਨਾਮ ਸਿੰਘ ਜੀ ਕੋਮਲ)

ਪਜਾਬ ਕਾਵਯ ਉਲੱਥਾ

————ਹੋਲੀ ਦਾ ਫੁਲ ਖਿੜਿਆ ਸਈਓ, ਗੰਧ ਸੁਗੰਧੀ ਭਿੰਨਾ ਵੇ।
ਫੁਲ ਕਲੀਆਂ ਖਿੜ ਬੁਲੀਆਂ ਵਾਂਗੂ, ਗੁਚਿਆਂ ਤਾਈਂ ਖਿੜਾਂਦਾ ਏ॥
ਅੰਬਰ ਮੁਸ਼ਕ ਗੁਲਾਬ ਕਥੂਰੀ, ਝੜੀਆਂ ਲਾਈ ਵਸ ਰਹੇ ਨੇ।
ਹਰ ਸੂ ਮੁਸ਼ਕ ਫੁਹਾਰਾਂ ਵਸਣ, ਚੋਜੀ ਰੰਗ ਜਮਾਂਦਾ ਏ।



www.AKJ.Org

ਭਰ ਪਿਚਕਾਰੀ ਮਾਰੀ ਸੋਹਣੇ, ਕੇਸਰ ਰੰਗ ਕਥੂਰੀ ਦੀ।
ਰੰਗ ਘਤੇ ਬੇਰੰਗੇ ਸਾਰੇ, ਖਸ਼ਬੂ ਆ ਲੁਟਾਂਦਾ ਏ॥
ਹਸਤ ਕਮਲ ਤੋਂ ਰਾਂਗ ਰੰਗੀਲੇ, ਜਦੋਂ ਗੁਲਾਲ ਉਡਾਇਆਏ॥
ਲਾਲ ਰੁਖੇ ਥੀਏ ਨੇ ਦੋਵੇਂ, ਧਰਤ ਅਕਾਸ਼ ਸੁਹਾਂਦਾ ਏ।
ਆਹ! ਮੈਂਡੇ ਸੁਲਤਾਨ ਸ਼ਾਹ ਨੇ, ਨਵਾਂ ਚੋਲਨਾ ਪਾਇਆ ਏ॥
ਦੋਵੇਂ ਆਲਮ ਰੰਗ ਘਤੇ ਸੂ, ਸਚੜਾ ਰੰਗ ਚੜਾਂਦਾ ਏ।
ਦਰਸ਼ਨ ਛਬ ਪਿਆਰੇ ਸੰਦੀ, ਜੀਵਨ ਸਫਲ ਸੁਹਾਇਆ ਏ।
ਸੁੰਦਰ ਮੋਹਨ ਕਲਗੀਆਂ ਵਾਲਾ, ਸਭ ਇਛਾ ਸ਼ਫਲਾਂਦਾ ਏ।
ਸਾਧ ਸੰਗਤ ਦੀ ਧੂੜੀ "ਕੋਮਲ" ਮੈਂ ਸਦਕੇ ਕੁਰਬਾਨ ਵੰਞਾਂ।
ਬਸ ਏਹ ਸ਼ਰਧਾ ਪੂਰੋ, ਪ੍ਰੀਤਮ ਜੀਅ ਮੈਂਡਾ ਉਮਡ੍ਹਾਇਆ ਏ॥

-----

# ਸਹਾਇਤਾ

ਹੇਠ ਲਿਖਿਆਂ ਸਜਣਾਂ ਨੇ 'ਸੂਰੇ' ਲਈ ਮਾਇਆ ਭੇਜੀ ਹੈ। ਸਤਿਗੁਰੂ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਹਨਾਂ ਦੀ ਸੇਵਾ ਪ੍ਰਵਾਨ ਕਰਦੇ ਹੋਏ ਇਹਨਾਂ ਤੇ ਮਿਹਰਾਂ ਕਰਨ।

| | | |
|---|---|---|
| 1. | ਸ: ਨਰਿੰਜਨ ਸਿੰਘ ਜੀ ਅਹਿਮਦਾਬਾਦ ਅਨੰਦ ਕਾਰਜ ਦੀ ਖੁਸ਼ੀ ਵਿਚ | 5 ਰੁਪੈ |
| 2. | ਗੁਪਤ | 16 ਰੁਪੈ |
| 3. | ਸ: ਅਮਰਜੀਤ ਸਿੰਘ ਜੀ ਬੈਂਗਡੁਬੀ, ਬੰਗਾਲ-ਭੁਝੰਗੀ ਦੀ ਖੁਸ਼ੀ ਵਿਚ | 20 ਰੁਪੈ |
| 4. | ਸ: ਬਿਰਜਿੰਦਰ ਸਿੰਘ ਜੀ, ਲੁਧਿਆਣਾ, ਆਪਣੇ ਸਵਰਗਵਾਸੀ ਪਿਤਾ ਜੀ ਦੇ ਅੰਤਮ ਰਸਮ ਸਮੇਂ ਧਰਮ ਕਾਰਜਾਂ ਵਿਚ ਅਰਦਾਸ ਕਰਾਏ ਦਮੜਿਆਂ ਵਿਚੋਂ | 11 ਰੁਪੈ |
| 5. | ਸ: ਬਲਦੇਵ ਸਿੰਘ ਜੀ 53. ਬਟਾਲੀਅਨ ਬੀ. ਐਸ. ਐਫ. , | 30 ਰੁਪੈ |
| 6. | ਸ: ਗੁਰਨਾਮ ਸਿੰਘ ਜੀ, ਘੂ: ਕੇ: | 98 ਰੁਪੈ |



www.AKJ.Org